# ਪੰਜ ਪਿਆਰੇ ਗੁਰੂ ਸਵਾਰੇ

2026

ਪ੍ਰਬੰਧਕ ਕਮੇਟੀ
ਗੁਰੂਦਵਾਰਾ ਸਾਹਿਬ, ਧੰਨ ਧੰਨ ਬਾਬਾ ਬੁੱਢਾ ਜੀ,
ਤੇਲੀਬਾਂਧਾ, ਰਾਏਪੁਰ {ਛੱਤੀਸਗੜ੍ਹ}
ਮੋਬਾਈਲ ਨੰ:99810-21616

# 'ਪੰਜ ਪਿਆਰੇ ਗੁਰੂ ਸਵਾਰੇ'_

ਇਹ ਪੁਸਤਕ ਸਾਡੇ ਮਾਰਗ ਦਰਸ਼ਕ

'ਸਿੰਘ ਸਾਹਿਬ ਜੀ'

ਵੱਲੋਂ ਲਗਭਗ 9 ਸਾਲ ਪਹਿਲਾਂ ਆਪਣੀ ਨਿਗਰਾਨੀ ਹੇਠ

ਤਿਆਰ ਕਰਵਾਈ ਸੀ।

ਉਹਨਾਂ ਵੱਲੋਂ ਲਿਖੇ ਗਏ ਮੁੱਖਬੰਦ ਵਿਚ ਉਹਨਾਂ ਨੇ ਇਸ ਦਾ ਕਾਰਨ

ਇਹ ਦੱਸਿਆ ਸੀ ਕਿ ਪੰਜ ਪਿਆਰੇ ਸਾਹਿਬਾਨ ਬਾਰੇ

ਬਹੁਤ ਘੱਟ ਲਿਖਿਆ ਮਿਲਦਾ ਹੈ।

ਇਸ ਲਈ ਉਹਨਾਂ ਦੀਆਂ ਭਾਵਨਾਵਾਂ ਅਤੇ ਉਦੇਸ਼

ਨੂੰ ਮੁੱਖ ਰੱਖਦੇ ਹੋਏ

ਇਸ ਪੁਸਤਕ ਵਿਚ ਸੋਧ ਕਰਕੇ ਅਤੇ

ਤਸਵੀਰਾਂ ਲਗਾ ਕੇ

ਇਸ ਨੂੰ ਦੁਬਾਰਾ ਛਪਾਉਣ ਦਾ ਉਪਰਾਲਾ ਕੀਤਾ ਹੈ।

ਆਸ ਹੈ ਕਿ ਸੰਗਤ ਅਤੇ ਬੱਚੇ

ਇਸ ਦਾ ਲਾਭ ਉਠਾਉਣਗੇ।

'ਸਿੰਘਣੀ ਜੀ'

# ਪੰਚ ਪਰਵਾਣ ਪੰਚ ਪ੍ਰਧਾਨ

ਪਰਮ ਪਿਤਾ ਗੁਰੂ ਨਾਨਕ ਸਾਹਿਬ ਜੀ ਨੇ ਜਪੁ ਜੀ ਸਾਹਿਬ ਵਿਚ ਇਕ ਸਿਧਾਂਤ ਦਿਤਾ, "ਪੰਚ ਪਰਵਾਣ ਪੰਚ ਪ੍ਰਧਾਨ"। ਅਰਥ ਹੈ – ਜੋ ਮੁਖੀ (ਨਿਕਟਵਰਤੀ ਸਿੱਖ) ਹਨ, ਉਹ ਪ੍ਰਵਾਨ ਹਨ ਅਤੇ ਉਹੋ ਹੀ ਪ੍ਰਧਾਨ ਹਨ। ਅਰਥਾਤ ਉਹਨਾਂ ਦਾ ਹੁਕਮ ਸਿਰ ਮੱਥੇ ਹੈ। ਪਰਮ ਪਿਤਾ ਗੁਰੂ ਨਾਨਕ ਸਾਹਿਬ ਜੀ ਨੇ 'ਆਪੇ ਗੁਰ ਚੇਲਾ' ਦਾ ਇਕ ਹੋਰ ਸਿਧਾਂਤ ਦਿਤਾ ਜਦੋਂ ਉਹਨਾਂ ਨੇ ਭਾਈ ਲਹਿਣਾ ਜੀ ਨੂੰ 'ਗੁਰੂ ਪਦਵੀ' ਸੌਂਪ ਕੇ ਗੁਰੂ ਅੰਗਦ ਦੇਵ ਜੀ ਬਣਾ ਦਿਤਾ।

ਪਹਿਲੇ ਜਾਮੇ ਦੇ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਦਸਵੇਂ ਜਾਮੇਂ ਵਿਚ 1699 ਦੀ ਵਿਸਾਖੀ ਨੂੰ ਇਕ ਅਲੋਕਾਰੀ ਕੌਤਕ ਰਚਿਆ। ਪਹਿਲੇ ਜਾਮੇਂ ਵਿਚ ਦਿਤੇ ਸਿਧਾਂਤ ਨੂੰ ਇਕ ਵੱਖਰੇ ਅਤੇ ਅਨੋਖੇ ਰੂਪ ਵਿਚ ਅਮਲੀ ਜਾਮਾ ਪਹਿਨਾਇਆ। ਲੱਗਭੱਗ 80,000 ਦੇ ਭਰੇ ਇਕੱਠ ਵਿਚੋਂ ਸਿਰਾਂ ( ਸੀਸ ) ਦੀ ਮੰਗ ਕਰਕੇ ਪੰਜ ਸਿੱਖਾਂ ਦੀ ਚੋਣ ਕੀਤੀ। ਸੀਸ ਤਲੀ ਤੇ ਧਰ ਕੇ ਆਏ ਹੋਏ ਪੰਚਾਂ ਨੂੰ 'ਖੰਡੇ ਦੀ ਪਾਹੁਲ' ਛਕਾ ਕੇ ਗੁਰੂ ਪਦਵੀ ਦੇ ਕੇ ਉਹਨਾਂ ਨੂੰ ਪ੍ਰਧਾਨ ਬਣਾ ਦਿਤਾ। ਆਪਣਾ ਰੂਪ ਦੇ ਕੇ ਕਿਹਾ 'ਖਾਲਸਾ ਮੇਰੋ ਰੂਪ ਹੈ ਖਾਸ'। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਖੁਦ ਬੇਨਤੀ ਕਰਕੇ ਉਹਨਾਂ 'ਪੰਜਾਂ' ਤੋਂ ਆਪ ਅੰਮ੍ਰਿਤ ਦੀ ਦਾਤ ਲਈ ਤਾਂ ਵੀ ਉਹਨਾਂ ਨੇ ਆਪਣੇ ਪਹਿਲੇ ਜਾਮੇ ਦੇ ਸਿਧਾਂਤ ਨੂੰ ਹੀ ਅੱਗੇ ਤੋਰਿਆ। ਫ਼ਰਕ ਕੇਵਲ ਇਹ ਰੱਖਿਆ ਕਿ ਹੁਣ ਇਕ ਸ਼ਖਸੀਅਤ ਦੀ ਥਾਂ ਤੇ ਇਹਨਾਂ ਖਾਲਸ ਰੂਪ ਹੋਏ ਪੰਜਾਂ ਨੂੰ 'ਗੁਰੂ ਖਾਲਸਾ ਜੀ' ਦੀ 'ਪਦਵੀ' ਦੇ ਦਿਤੀ, ਅਤੇ ਤਾਂ ਹੀ ਤਾਂ 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਕਹਾਏ।

ਸਾਡੇ ਵੱਲੋਂ ਸਿੱਖ ਧਰਮ ਦੇ ਗੌਰਵ ਮਈ ਇਤਿਹਾਸ ਉਪਰ ਛਪਾਈਆਂ ਜਾਣ ਵਾਲੀਆਂ ਪੁਸਤਕਾਂ ਦੀ ਲੜੀ ਵਿਚ ਇਸ ਪੁਸਤਕ ਦਾ ਮੰਤਵ 'ਪੰਜ ਪਿਆਰੇ ਸਾਹਿਬਾਨ' ਦੇ ਜੀਵਨ ਉਪਰ ਰੌਸ਼ਨੀ ਪਾਉਣ ਦਾ ਇਕ ਨਿਮਾਣਾ ਜਿਹਾ ਯਤਨ ਹੈ। ਕਿਉਂਕਿ ਉਹਨਾਂ ਦੇ ਜੀਵਨ ਬਿਰਤਾਂਤ ਬਾਰੇ ਬਹੁਤ ਘੱਟ ਲਿਖਿਆ ਮਿਲਦਾ ਹੈ। ਬੱਚਿਆਂ ਦੇ ਲਈ ਕਰਵਾਏ ਜਾਣ ਵਾਲੇ ਕੁਇਜ਼ ਮੁਕਾਬਲਿਆਂ ਲਈ ਸਿਲੇਬਸ ਦੀ ਪੁਸਤਕ ਹੋਣ ਕਰਕੇ ਸ਼ਬਦਾਵਲੀ ਰੌਚਿਕ ਅਤੇ ਸਰਲ ਰੱਖੀ ਗਈ ਹੈ। ਆਸ ਕਰਦੇ ਹਾਂ ਕਿ ਬੱਚੇ ਅਤੇ ਵੱਡੇ ਸਾਰੇ ਇਸ ਪੁਸਤਕ ਰਾਹੀਂ ਲਾਹਾ ਲੈਣਗੇ ਅਤੇ 'ਗੁਰੂ ਖਾਲਸਾ ਪਦਵੀ' ਪ੍ਰਾਪਤ 'ਪੰਜ ਪਿਆਰੇ ਸਾਹਿਬਾਨ' ਦੇ ਗੌਰਵ ਮਈ ਜੀਵਨ ਉਪਰ ਮਾਣ ਕਰਨਗੇ।

'ਸਿੰਘ ਜੀ'

# ਪਿਆਰੇ ਭਾਈ ਦਇਆ ਸਿੰਘ ਜੀ

ਭਾਈ ਪਾਰੋ ਜੀ ਜੁਲਕਾ ਗੁਰੂ ਅਮਰ ਦਾਸ ਜੀ ਦੇ ਸਿਦਕੀ ਸਿੱਖ ਹੋਏ ਹਨ। ਇਹਨਾਂ ਦੀ ਗੁਰੂ ਘਰ ਪ੍ਰਤੀ ਸੇਵਾ, ਸ਼ਰਧਾ ਅਤੇ ਪਿਆਰ ਨੂੰ ਵੇਖਦੇ ਹੋਏ ਗੁਰੂ ਸਾਹਿਬ ਜੀ ਨੇ ਇਹਨਾਂ ਨੂੰ 'ਪਰਮ ਹੰਸ' ਦੀ ਪਦਵੀ ਦਿੱਤੀ ਹੋਈ ਸੀ। ਜਦੋਂ ਗੁਰੂ ਸਾਹਿਬ ਜੀ ਨੇ ਸਿੱਖੀ ਪ੍ਰਚਾਰ ਲਈ ਮੰਜੀਆਂ ਦੀ ਸਥਾਪਨਾ ਕੀਤੀ ਤਾਂ 22 ਮੰਜੀਆਂ ਵਿਚੋਂ ਇਕ ਮੰਜੀ ਇਹਨਾਂ ਨੂੰ ਬਖਸ਼ੀ ਗਈ। ਇਹਨਾਂ ਦੀ ਕੁੱਲ ਵਿਚ ਸਿੱਖੀ ਦਾ ਬੂਟਾ ਪ੍ਰਫੁਲਿਤ ਹੁੰਦਾ ਗਿਆ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਦਇਆ ਸਿੰਘ ਜੀ ਦੇ ਰੂਪ ਵਿਚ ਇਸ ਬੂਟੇ ਨੂੰ ਫ਼ਲ ਲਗਿਆ, ਜਦੋਂ ਉਹ ਕਲਗੀਧਰ ਪਾਤਸ਼ਾਹ ਦੇ ਪਹਿਲੇ 'ਪਿਆਰੇ' ਵਜੋਂ ਪ੍ਰਵਾਨ ਚੜ੍ਹੇ। ਗੁਰੂ ਸਾਹਿਬ ਜੀ ਵਲੋਂ 1699 ਦੀ ਵਿਸਾਖੀ ਨੂੰ ਇਕ ਸਿਰ ਦੀ ਮੰਗ ਕਰਨ ਤੇ ਸੱਭ ਤੋਂ ਪਹਿਲਾਂ ਆਪਣਾ ਸੀਸ ਗੁਰੂ ਸਾਹਿਬ ਜੀ ਨੂੰ ਅਰਪਣ ਕੀਤਾ।




ਭਾਈ ਦਇਆ ਸਿੰਘ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਮ ਦਇਆ ਰਾਮ ਸੀ। ਇਹਨਾਂ ਦਾ ਜਨਮ 1 ਫ਼ਰਵਰੀ 1668 ਈਸਵੀ ਨੂੰ ਲਾਹੌਰ (ਪਾਕਿਸਤਾਨ) ਵਿਚ ਹੋਇਆ। ਇਹਨਾਂ ਦੇ ਪਿਤਾ ਜੀ ਦਾ ਨਾਮ ਭਾਈ ਮਈਆ ਰਾਮ ਅਤੇ ਮਾਤਾ ਜੀ ਦਾ ਨਾਮ ਸੋਭਾ ਦੇਈ ਸੀ। ਇਹ ਪਰਿਵਾਰ ਸ਼ੁਰੂ ਤੋਂ ਹੀ ਆਪਣੇ ਵੱਡ ਪੁਰਖਿਆਂ ਦੀ

ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸਿੱਖ ਫੁਲਵਾੜੀ ਨਾਲ ਜੁੜਿਆ ਹੋਇਆ ਸੀ । ਮਾਤਾ ਪਿਤਾ ਗੁਰੂ ਘਰ ਦੇ ਸੇਵਕ ਸਨ। ਦੋਵੇਂ ਸਮੇਂ ਸੰਗਤ ਵਿਚ ਜੁੜਦੇ ਸਨ। ਪਿਤਾ ਮਈਆ ਰਾਮ ਜੀ ਆਪ ਵੀ ਸੰਗਤ ਵਿਚ ਸਾਖੀਆਂ ਸੁਣਾ ਕੇ ਸਿੱਖੀ ਦਾ ਪ੍ਰਚਾਰ ਕਰਿਆ ਕਰਦੇ ਸਨ। ਅਜਿਹੇ ਮਾਹੌਲ ਵਿਚ ਪਲ਼ਦਾ ਬਾਲਕ ਦਇਆ ਰਾਮ ਵੱਡਾ ਹੁੰਦਾ ਗਿਆ। ਮਾਤਾ ਪਿਤਾ ਬੜੇ ਚਾਅ ਨਾਲ ਗੁਰੂ ਘਰ ਦੀਆਂ ਸਾਖੀਆਂ ਅਤੇ ਆਪਣੇ ਵੱਡ ਪੁਰਖਿਆਂ ਦੇ ਗੁਰੂ ਸਾਹਿਬ ਨਾਲ ਹੋਏ ਬਚਨ ਸੁਣਾਇਆ ਕਰਦੇ ਸਨ।

ਇਕ ਰਾਤ ਨੂੰ ਪਿਤਾ ਮਈਆ ਰਾਮ ਜੀ ਨੇ ਬਾਲਕ ਦਇਆ ਰਾਮ ਨੂੰ ਆਪਣੇ ਪੁਰਖਿਆਂ ਦੀ ਇਕ ਵਾਰਤਾ ਸੁਣਾਈ। ਕਹਿਣ ਲੱਗੇ,'ਪੁੱਤਰ ਜੀ, ਆਪਣੇ ਵੱਡ ਪੁਰਖਿਆਂ ਵਿਚੋਂ ਭਾਈ ਪਾਰੋ ਜੀ ਜੁ਼ਲਕਾ ਦੇ ਪੁੱਤਰ ਦਾ ਨਾਮ ਭਾਈ ਗੁਰੀਆ ਸੀ। ਉਹ ਮੇਰੇ ਦਾਦਾ ਜੀ ਸਨ। ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਗੁਰੂ ਅਰਜਨ ਦੇਵ ਜੀ ਰਾਹੀਂ ਪ੍ਰਕਾਸ਼ਮਾਨ ਹੋ ਕੇ ਦੁਨੀਆਂ ਦੇ ਹਿਰਦੇ ਠਾਰ ਰਹੀ ਸੀ। ਭਾਈ ਗੁਰੀਆ ਜੀ ਦਾ ਕਾਬਲ ਵਿਚ ਰੇਸ਼ਮ ਦਾ ਕਾਰੋਬਾਰ ਸੀ। ਰੇਸ਼ਮ ਨੂੰ ਕੀੜਾ ਲਗ ਜਾਣ ਕਾਰਨ ਉਹਨਾਂ ਨੂੰ ਕਾਰੋਬਾਰ ਵਿਚ ਬਹੁਤ ਘਾਟਾ ਪੈ ਗਿਆ। ਇਸ ਕਾਰਨ ਘਰ ਵਿਚ ਗਰੀਬੀ ਆ ਗਈ। ਕਈ ਵਾਰੀ ਇਕ ਡੰਗ ਦਾ ਪ੍ਰਸ਼ਾਦਾ ਹੀ ਘਰ ਵਿਚ ਪੱਕਦਾ ਸੀ। ਇਕ ਦਿਨ ਉਹਨਾਂ ਦੀ ਸੁਪਤਨੀ ਰੱਤਾ ਦੇਈ ਜੀ ਨੇ ਉਹਨਾਂ ਨੂੰ ਉਦਾਸ ਦੇਖ ਕੇ ਕਿਹਾ, 'ਅਗਲੇ ਹਫ਼ਤੇ ਕਾਬਲ ਤੋਂ ਸੰਗਤਾਂ ਦਾ ਇਕ ਜੱਥਾ ਸ੍ਰੀ ਅੰਮ੍ਰਿਤਸਰ ਸਾਹਿਬ ਸਤਿਗੁਰਾਂ ਦੇ ਦਰਸ਼ਨ ਕਰਨ ਜਾ ਰਿਹਾ ਹੈ,"ਚਲੋ, ਆਪਾਂ ਵੀ ਗੁਰੂ ਸਾਹਿਬ ਜੀ ਕੋਲ ਅਰਦਾਸ ਬੇਨਤੀ ਕਰ ਆਵਾਂਗੇ। ਪਿਤਾ ਜੀ ਦੀ ਸੇਵਾ ਨੂੰ ਵੇਖਦੇ ਹੋਏ ਸਾਡੀ ਗਰੀਬੀ ਤਾਂ ਉਹਨਾਂ ਨੇ ਛਿਨ ਪਲ ਵਿਚ ਹੀ ਦੂਰ ਕਰ ਦੇਣੀ ਹੈ"। ਦਾਦਾ ਜੀ ਨੇ ਸਲਾਹ ਮੰਨ ਕੇ ਸੰਗਤ ਦੇ ਨਾਲ ਜਾਣ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਜੀ ਨੂੰ ਭੇਟ ਕਰਨ ਲਈ ਇਕ ਕੌਡੀ ਲੈ ਲਈ, ਜੋ ਉਹਨਾਂ ਨੇ ਆਪਣੀ ਦੁਕਾਨ ਵਿਚ ਲੋੜ ਥੋੜ (ਦੁਖ-ਸੁਖ) ਦੇ ਸਮੇਂ ਲਈ ਰੱਖੀ ਹੋਈ ਸੀ। ਇਸ ਨੂੰ ਉਹਨਾਂ ਨੇ ਰੇਸ਼ਮ ਦੇ ਇਕ ਸੁੱਚੇ ਕਪੜੇ ਵਿਚ ਲਪੇਟ ਲਿਆ। ਨਾਲ ਹੀ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਵੀ ਕੀਤਾ ਕਿ ਹੁਣ ਦਰਸ਼ਨ ਕਰਨ ਲਈ ਖਾਲੀ ਹੱਥ ਨਹੀਂ ਜਾਣਾ ਪਵੇਗਾ।

ਰਸਤੇ ਵਿਚ ਪੜਾਅ ਕਰਦੇ ਹੋਏ ਉਹ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਧੰਨ ਗੁਰੂ ਅਰਜਨ ਦੇਵ ਜੀ ਤਖ਼ਤ ਤੇ ਸੁਭਾਇਮਾਨ ਸਨ। ਸਾਰੀ ਸੰਗਤ ਇਸ਼ਨਾਨ ਕਰਕੇ ਦਰਬਾਰ ਵਿਚ ਪਹੁੰਚ ਗਈ। ਸੰਗਤਾਂ ਕੀਰਤਨ ਸਰਵਣ ਕਰਕੇ ਅਤੇ ਗੁਰੂ ਸਾਹਿਬ ਜੀ ਦੇ ਦਰਸ਼ਨ ਦੀਦਾਰ ਕਰਕੇ ਨਿਹਾਲ ਹੋ ਰਹੀਆਂ ਸਨ। ਜੋ ਸੰਗਤਾਂ ਦੂਰੋਂ ਆਈਆਂ ਸਨ

ਉਹ ਆਪਣਾ ਸਾਲ ਭਰ ਦਾ ਦਸਵੰਧ, ਨਜ਼ਰਾਨੇ, ਕੀਮਤੀ ਪੁਸ਼ਾਕਾਂ ਭੇਟਾ ਕਰਕੇ ਆਪਣੇ ਧੰਨ ਭਾਗ ਸਮਝ ਰਹੀਆਂ ਸਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਰਹੀਆਂ ਸਨ। ਦਾਦਾ ਜੀ ਇਹ ਸਭ ਕੁਝ ਵੇਖ ਕੇ ਆਪਣੀ ਲਿਆਂਦੀ ਭੇਟਾ ਨੂੰ ਤੁੱਛ ਸਮਝ ਕੇ ਭੇਟ ਕਰਨ ਤੋਂ ਝਿਜਕ ਰਹੇ ਸਨ। ਮਨ ਵਿਚ ਹੀਣ ਭਾਵਨਾ ਦੇ ਵਿਚਾਰ ਆ ਰਹੇ ਸਨ। ਦੀਵਾਨ ਦੀ ਸਮਾਪਤੀ ਦਾ ਸਮਾਂ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਕੀਰਤਨ ਦੀ ਸਮਾਪਤੀ ਦਾ ਇਸ਼ਾਰਾ ਕੀਤਾ। ਪਰ ਗੁਰੂ ਸਾਹਿਬ ਜੀ ਨੇ ਕੀਰਤਨ ਜਾਰੀ ਰੱਖਣ ਦਾ ਹੁਕਮ ਦਿੱਤਾ। ਕੀਰਤਨ ਚਲਦਿਆਂ ਚਲਦਿਆਂ ਤੀਸਰਾ ਪਹਿਰ ਹੋ ਗਿਆ। ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ, 'ਸਤਿਗੁਰੂ ਜੀ, ਸੰਗਤਾਂ ਦੂਰੋਂ ਦੂਰੋਂ ਚੱਲ ਕੇ ਆਈਆਂ ਹਨ, ਜੇਕਰ ਆਗਿਆ ਹੋਵੇ ਤਾਂ ਦੀਵਾਨ ਦੀ ਸਮਾਪਤੀ ਕੀਤੀ ਜਾਵੇ'। ਪਰ ਸਤਿਗੁਰੂ ਜੀ ਨੇ ਹੁਕਮ ਦਿੱਤਾ, 'ਬਾਬਾ ਜੀ, ਅਜੇ ਭੇਟਾ ਪੂਰੀ ਨਹੀਂ ਹੋਈ, ਕੀਰਤਨ ਜਾਰੀ ਰੱਖਿਆ ਜਾਵੇ।' ਥੋੜੇ ਸਮੇਂ ਬਾਅਦ ਬਾਬਾ ਜੀ ਨੇ ਹੱਥ ਬੰਨ ਅਰਜ਼ ਕੀਤੀ, 'ਸਤਿਗੁਰੂ ਜੀ, ਕਿਰਪਾ ਕਰੋ, ਸੰਗਤ ਥੱਕੀ ਹੋਈ ਹੈ। ਲੰਗਰ ਦਾ ਸਮਾਂ ਵੀ ਚੋਖਾ ਲੰਘ ਗਿਆ ਹੈ। ਜਾਂ ਤਾਂ ਭੇਟਾ ਪੂਰੀ ਕਰਵਾ ਲਓ ਤੇ ਜਾਂ ਕੀਰਤਨ ਦੀ ਸਮਾਪਤੀ ਦੀ ਆਗਿਆ ਦਿਓ ਤਾਂ ਕਿ ਸੰਗਤ ਲੰਗਰ ਛਕ ਲਵੇ'। ਗੁਰੂ ਸਾਹਿਬ ਜੀ ਮੁਸਕਰਾਏ ਅਤੇ ਕੀਰਤਨ ਰੋਕਣ ਦਾ ਇਸ਼ਾਰਾ ਕੀਤਾ। ਭਾਈ ਗੁਰੀਆ ਜੀ ਨੂੰ ਆਪਣੇ ਕੋਲ ਬੁਲਾ ਲਿਆ। ਉਹ ਹੱਥ ਜੋੜ ਕੇ ਗੁਰੂ ਸਾਹਿਬ ਜੀ ਕੋਲ ਖੜੇ ਹੋ ਗਏ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਪਿੱਠ ਤੇ ਆਪਣਾ ਪਵਿੱਤਰ ਹੱਥ ਰੱਖਿਆ ਅਤੇ ਸੰਗਤਾਂ ਨੂੰ ਸੰਬੋਧਨ ਕਰਕੇ ਫੁਰਮਾਉਣ ਲੱਗੇ, "ਇਸ ਸਿੱਖ ਦੇ ਪਿਤਾ ਜੀ ਸਾਡੇ ਵੱਡੇ ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਦੇ ਸਮੇਂ ਦੇ ਮੋਢੀ ਸਿੱਖ ਸਨ। ਰੇਸ਼ਮ ਦੇ ਬਹੁਤ ਵੱਡੇ ਵਪਾਰੀ ਸਨ। ਸਤਿਗੁਰੂ ਜੀ ਦੀ ਅਪਾਰ ਕਿਰਪਾ ਸੀ। ਇਹਨਾਂ ਨੇ ਵੀ ਕਾਬਲ ਵਿਚ ਜਾ ਕੇ ਪਿਤਾ ਪੁਰਖੀ ਕਾਰੋਬਾਰ ਸ਼ੁਰੂ ਕੀਤਾ। ਇਥੇ ਵੀ ਕਿਰਪਾ ਵਰਤ ਰਹੀ ਸੀ। ਪਰ ਕੁਝ ਸਮੇਂ ਤੋਂ ਵਪਾਰ ਵਿਚ ਵੱਡਾ ਘਾਟਾ ਪੈਣ ਕਰਕੇ ਇਹ ਸਾਡੇ ਦਰਸ਼ਨਾਂ ਨੂੰ ਨਹੀਂ ਆ ਸਕੇ। ਹੁਣ ਤਾਂ ਲੋਕਾਂ ਨੇ ਇਹਨਾਂ ਦਾ ਨਾਮ ਵੀ ਬਦਲ ਦਿੱਤਾ ਹੈ। ਭਾਈ ਗੁਰੀਆ ਕਹਿਕੇ ਹੁਣ ਕੋਈ ਬੁਲਾਉਂਦਾ ਹੀ ਨਹੀ। ਲੋਕਾਂ ਨੇ ਗਰੀਬੂ ਕਹਿਣਾ ਸ਼ੁਰੂ ਕਰ ਦਿੱਤਾ ਹੈ। ਅੱਜ ਇਹ ਆਪਣੇ ਵੱਲੋਂ ਲਿਆਂਦੀ ਦਰਸ਼ਨ ਭੇਟ ਨੂੰ ਅਸਾਡੇ ਕੋਲ ਭੇਟਾ ਕਰਨ ਤੋਂ ਝਿਜਕ ਰਿਹਾ ਹੈ। ਸੰਗਤਾਂ ਵੱਲੋਂ ਲਿਆਂਦੀਆਂ ਕੀਮਤੀ ਭੇਟਾਂਵਾਂ ਨੂੰ ਵੇਖ ਕੇ ਇਹ ਆਪਣੀ ਭੇਟਾ ਨੂੰ ਛੋਟੀ ਸਮਝ ਕੇ ਮਨ ਵਿਚ ਸੋਚ ਰਿਹਾ ਹੈ ਕਿ ਪਤਾ ਨਹੀਂ ਗੁਰੂ ਜੀ ਮੇਰੀ ਭੇਟਾ ਸਵੀਕਾਰ ਕਰਨਗੇ ਜਾਂ ਨਹੀਂ।

'ਫੇਰ ਕੀ ਹੋਇਆ', ਬੇਟਾ ਦਇਆ ਰਾਮ ਪੂਰੀ ਘਟਨਾ ਸੁਣ ਕੇ ਸੁੰਨ ਹੋਇਆ

ਪਿਆ ਸੀ। 'ਫੇਰ ਗੁਰੂ ਸਾਹਿਬ ਜੀ ਨੇ ਭਾਈ ਗੁਰੀਆ ਜੀ ਨੂੰ ਸੰਬੋਧਨ ਕਰਕੇ ਫੁਰਮਾਇਆ, "ਪੁਰਖਾ, ਤੇਰੀ ਭੇਟਾ ਤਾਂ ਗੁਰੂ ਨਾਨਕ ਦੇ ਘਰ ਵਿਚ ਉਸੇ ਸਮੇਂ ਪ੍ਰਵਾਨ ਹੋ ਗਈ ਸੀ, ਜਦੋਂ ਤੂੰ ਇਸ ਅਨਮੋਲ ਭੇਟ ਨੂੰ ਆਪਣੀ ਲੋੜ ਦੀ ਪ੍ਰਵਾਹ ਨਾ ਕਰਦੇ ਹੋਏ ਦੁਕਾਨ ਵਿਚੋਂ ਕੱਢਿਆ ਸੀ। ਇਹ ਤਾਂ ਹੁਣ ਗੁਰੂ ਘਰ ਦੀ ਅਮਾਨਤ ਹੈ। ਲਿਆਓ ਅਸਾਡੀ ਅਮਾਨਤ। ਅਸਾਨੂੰ ਦੇ ਦਿਓ।"

'ਦਾਦਾ ਜੀ ਅਤੇ ਦਾਦੀ ਜੀ ਦੀਆਂ ਅੱਖਾਂ ਵਿਚੋਂ ਪਾਣੀ ਵਹੀ ਜਾ ਰਿਹਾ ਸੀ। ਉਹ ਬੱਚਿਆਂ ਵਾਂਗੂੰ ਉੱਚੀ ਉੱਚੀ ਰੋਈ ਜਾ ਰਹੇ ਸਨ। ਦਾਦਾ ਜੀ ਨੇ ਕੰਬਦੇ ਹੱਥਾਂ ਨਾਲ ਰੇਸ਼ਮੀ ਰੁਮਾਲ ਵਿਚ ਲਪੇਟ ਕੇ ਲਿਆਂਦੀ ਹੋਈ 'ਕੌਡੀ' ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਭੇਟ ਕੀਤੀ ਅਤੇ ਆਪ ਵੀ ਚਰਨਾਂ ਨਾਲ ਲਿਪਟ ਗਿਆ। ਕੁਝ ਸਮਾਂ ਗੁਰੂ ਜੀ ਨੇਤਰ ਬੰਦ ਕਰਕੇ ਬੈਠੇ ਰਹੇ। ਫਿਰ ਭਾਈ ਗੁਰੀਆ ਜੀ ਨੂੰ ਪਵਿਤਰ ਕਰ ਕਮਲਾਂ ਨਾਲ ਉਠਾਇਆ। ਬਾਬਾ ਬੁੱਢਾ ਜੀ ਨੇ ਕਿਹਾ, 'ਸਤਿਗੁਰ ਜੀ ਆਪ ਗਰੀਬ ਨਿਵਾਜ ਹੋ। ਅਸੀਂ ਇਹ ਸੋਚ ਰਹੇ ਸੀ ਕਿ ਆਪ ਜੀ ਪਤਾ ਨਹੀਂ ਕਿਸੇ ਰਾਜੇ ਮਹਾਰਾਜੇ ਦੀ ਉਡੀਕ ਕਰ ਰਹੇ ਹੋ, ਜੋ ਕਿ ਰਸਤੇ ਵਿਚ ਕਿਤੇ ਲੇਟ ਹੋ ਗਿਆ ਹੈ। ਦਾਦਾ ਜੀ ਨੇ ਇਹ ਵੀ ਦੱਸਿਆ ਕਿ ਉਸੇ ਸਮੇਂ ਭਾਈ ਗੁਰਦਾਸ ਜੀ ਨੇ ਵੀ ਇਸ ਕਬਿਤ ਦੀ ਰਚਨਾ ਕੀਤੀ:-

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ, ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ॥*
*ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤਰ ,ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ॥*
*ਭਾਵਨੀ ਭਗਤ ਭਾਏ ਕੌਡੀ ਅਗ੍ਰ ਭਾਗ ਰਾਖੈ, ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥*
*ਸਤਿਗੁਰ ਦਇਆਨਿਧ ਮਹਿਮਾ ਅਗਾਧ ਬੋਧ, ਨਮੋ ਨਮੋ ਨਮੋ ਨਮੋ ਨੇਤ ਨੇਤਿ ਨੇਤਿ ਹੈ॥*

ਮੰਤਰ ਮੁਗਧ ਹੋਏ ਬਾਲਕ ਦਇਆ ਰਾਮ ਨੇ ਪੁੱਛਿਆ, 'ਫੇਰ ਸਤਿਗੁਰ ਜੀ ਨੇ ਤੁਹਾਡੇ ਦਾਦਾ ਜੀ ਦੀ ਗਰੀਬੀ ਦੂਰ ਕਰ ਦਿੱਤੀ? ਉਹਨਾਂ ਨੂੰ ਖਜ਼ਾਨੇ ਬਖਸ਼ ਦਿੱਤੇ?' ਮਈਆ ਰਾਮ ਜੀ ਨੇ ਅੱਗੇ ਸੁਣਾਉਣਾ ਸ਼ੁਰੂ ਕੀਤਾ, 'ਫਿਰ ਭਾਈ ਗੁਰਦਾਸ ਜੀ ਉੱਠੇ। ਆਪਣਾ ਕਬਿਤ ਸੁਣਾਇਆ ਅਤੇ ਕਹਿਣ ਲਗੇ ਸਤਿਗੁਰੂ ਜੀ, ਆਪ ਜੀ ਦੀ ਮਹਿਮਾ ਅਗਾਧ ਬੋਧ ਹੈ। ਕੀਮਤੀ ਚੀਜ਼ਾਂ ਦੀ ਪਰਵਾਹ ਨਹੀਂ ਕਰਦੇ ਪਰ ਭਾਵਨਾ ਨਾਲ ਲਿਆਂਦੀ ਇਕ 'ਕੌਡੀ' ਉਪਰ ਰੀਝ ਕੇ ਬਖਸ਼ਿਸ਼ਾਂ ਦੇ ਖਜ਼ਾਨੇ ਖੋਲ ਦਿੰਦੇ ਹੋ।' ਬਾਲਕ ਦਇਆ ਰਾਮ ਦੀ ਉਤਸੁਕਤਾ ਬਹੁਤ ਵਧੀ ਹੋਈ ਸੀ, ਬੋਲਿਆ, 'ਫਿਰ ਖਜ਼ਾਨਾ ਮਿਲ ਗਿਆ ਤੁਹਾਡੇ ਦਾਦਾ ਜੀ ਨੂੰ?'

ਮਈਆ ਰਾਮ ਜੀ ਬੋਲੇ, "ਸਤਿਗੁਰੂ ਜੀ ਨੇ ਦਾਦਾ ਜੀ ਅੱਗੇ ਆਪਣੇ ਦੋਵੇਂ ਹੱਥਾਂ ਦੀਆਂ ਮੁੱਠੀਆਂ ਬਣਾ ਕੇ ਆਖਣਾ ਕੀਤਾ, "ਭਾਈ ਗੁਰੀਆ, ਇਕ ਮੁੱਠੀ ਵਿਚ ਇਸ ਲੋਕ ਦੇ ਖਜ਼ਾਨੇ ਹਨ ਤੇ ਦੂਜੀ ਮੁੱਠੀ ਅਗਲੇ ਲੋਕ ਦੀਆਂ ਬਖਸ਼ਿਸ਼ਾਂ ਦੀ ਭਰੀ ਪਈ ਹੈ।

ਦੱਸ, ਤੇਰੀ ਝੋਲੀ ਵਿਚ ਕਿਹੜੀ ਮੁੱਠੀ ਖੋਲੀਏ?" ਦਾਦਾ ਜੀ ਨੇ ਅੱਥਰੂ ਵਹਾਂਉਦੇ ਹੋਏ ਚਰਨ ਪਕੜ ਲਏ ਤੇ ਕਿਹਾ, ਪਾਤਸ਼ਾਹ ਜੀ, ਅੱਜ ਦਿਆਲ ਹੋਏ ਹੋ। ਕਿਰਪਾ ਕਰੋ ਦੋਵੇਂ ਜਹਾਨਾਂ ਦੀਆਂ ਮੁੱਠੀਆਂ ਹੀ ਖੋਲ ਦੇਵੋ ਅਰ ਬਖਸ਼ੋ ਇਸ ਗਰੀਬ ਨੂੰ ਆਪਣੇ ਦਰ ਘਰ ਦੀ ਸੇਵਾ, ਤਾਂ ਕਿ ਜਨਮ ਮਰਨ ਦਾ ਝਗੜਾ ਹੀ ਮੁੱਕ ਜਾਵੇ।'

ਗੁਰੂ ਸਾਹਿਬ ਜੀ ਨੇ ਕਈ ਵਰਦਾਨ ਦਿੱਤੇ। "ਤੈਨੂੰ ਵੀ ਬਖਸ਼ੀਆਂ ਸਰਦਾਰੀਆਂ ਤੇ ਤੇਰੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ। ਉਹ ਵੀ ਗੁਰੂ ਘਰ ਵਿਚ ਪਹਿਲੇ ਦਰਜੇ ਦਾ ਮਾਣ ਪਾਉਣਗੀਆਂ।" 'ਫੇਰ ਅੱਗੇ ਸੇਵਾ ਮਿਲੀ ਗੁਰੂ ਘਰ ਦੀ?' ਬਾਲਕ ਦਇਆ ਰਾਮ ਨੇ ਪੁੱਛਿਆ। ਹਾਂ, ਤੇਰੇ ਦਾਦਾ ਜੀ ਛੇਂਵੇਂ ਪਾਤਸ਼ਾਹ ਦੇ ਸਮੇਂ ਬਹੁਤ ਸੇਵਾ ਕਰਿਆ ਕਰਦੇ ਸਨ। ਗੁਰੂ ਜੀ ਵੀ ਉਹਨਾਂ ਨੂੰ ਬਹੁਤ ਮਾਣ ਦਿੰਦੇ ਸਨ। ਤੈਨੂੰ ਪਤਾ ਹੀ ਹੈ ਕਿ ਉਹਨਾਂ ਨੇ ਮਹਿਰਾਜ ਦੀ ਜੰਗ ਵਿਚ ਗੁਰੂ ਘਰ ਲਈ ਸ਼ਹੀਦੀ ਪ੍ਰਾਪਤ ਕੀਤੀ ਸੀ। ਅਸੀਂ ਵੀ ਜਿੰਨੀ ਹੋ ਸਕਦੀ ਹੈ, ਸੇਵਾ ਕਰਦੇ ਹਾਂ ਸੰਗਤ ਦੀ। ਤੂੰ ਵੀ ਪੁੱਤਰ, ਸਿਮਰਨ ਕਰਿਆ ਕਰ। 'ਜਪੁਜੀ' ਦਾ ਪਾਠ ਕਰਿਆ ਕਰ। ਤੇਰੇ ਤੇ ਵੀ ਬਹੁਤ ਬਖਸ਼ਿਸ਼ ਹੋਵੇਗੀ। ਅੱਛਾ- ਹੁਣ ਸੌਂ ਜਾ। ਰਾਤ ਬਹੁਤ ਹੋ ਗਈ ਹੈ"।

ਗੁਰੂ ਘਰ ਦੀਆਂ ਕਥਾ ਕਹਾਣੀਆਂ ਸੁਣਦੇ ਸੁਣਦੇ ਬਾਲਕ ਦਇਆ ਰਾਮ ਦੀ ਉਮਰ 13 ਸਾਲ ਦੀ ਹੋ ਗਈ। ਇਕ ਦਿਨ ਉਸਨੇ ਆਪਣੇ ਪਿਤਾ ਜੀ ਤੋਂ ਪੁੱਛ ਲਿਆ ਕਿ ਗੁਰੂ ਗੋਬਿੰਦ ਰਾਏ ਜੀ ਅੱਜ ਕੱਲ ਕਿਥੇ ਨਿਵਾਸ ਕਰ ਰਹੇ ਹਨ? ਮੈਂ ਉਹਨਾਂ ਦੇ ਦਰਸ਼ਨ ਕਰਨ ਜਾਣਾ ਹੈ। ਪਿਤਾ ਭਾਈ ਮਈਆ ਰਾਮ ਜੀ ਨੇ ਦੱਸਿਆ ਕਿ ਗੁਰੂ ਸਾਹਿਬ ਜੀ ਅੱਜ ਕੱਲ ਆਨੰਦਪੁਰ ਸਾਹਿਬ ਜੀ ਦੀ ਧਰਤੀ ਨੂੰ ਭਾਗ ਲਗਾ ਰਹੇ ਹਨ। ਜੇ ਤੂੰ ਉਹਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈਂ ਤਾਂ 'ਜਪੁਜੀ' ਦਾ ਪਾਠ ਰੋਜ਼ਾਨਾ ਕਰਕੇ 'ਗੁਰੂ ਗੋਬਿੰਦ ਰਾਏ' ਜੀ ਦਾ ਧਿਆਨ ਧਰਿਆ ਕਰ। ਗੁਰੂ ਜੀ ਆਪ ਹੀ ਕੋਈ ਬਿਧ ਬਣਾ ਦੇਣਗੇ। ਦਰਸ਼ਨ ਦੀ ਇੱਛਾ ਤਾਂ ਦਇਆ ਰਾਮ ਦੇ ਚਿੱਤ ਵਿਚ ਬਹੁਤ ਤੀਬਰ ਬਣੀ ਹੋਈ ਸੀ। ਇਸ ਲਈ ਉਸ ਨੇ ਕਈ ਵਾਰੀ 2-2, 3-3 ਅਤੇ ਕਈ ਵਾਰੀ 4-4 ਪਾਠ ਰੋਜ਼ਾਨਾ ਕਰਨੇ ਸ਼ੁਰੂ ਕਰ ਦਿੱਤੇ। ਇਕ ਦਿਨ ਪਿਤਾ ਜੀ ਨੇ ਆਪਣੇ ਪੁੱਤਰ ਨੂੰ ਦੱਸਿਆ ਕਿ ਤੇਰੀ ਬੇਨਤੀ ਪ੍ਰਵਾਨ ਹੋ ਗਈ ਹੈ। ਅਗਲੇ ਹਫ਼ਤੇ ਇਕ ਜੱਥਾ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਨੰਦਪੁਰ ਸਾਹਿਬ ਜਾ ਰਿਹਾ ਹੈ। ਮੈਂ ਵੀ ਆਪਣੇ ਨਾਮ ਲਿਖਵਾ ਆਇਆ ਹਾਂ। ਦਇਆ ਰਾਮ ਬਹੁਤ ਖੁਸ਼ ਹੋਇਆ। ਮਿਤੀ 2 ਫ਼ਰਵਰੀ 1681 ਈਸਵੀ ਨੂੰ ਭਾਈ ਹਰਨਾਮ ਦਾਸ ਜੀ ਦੀ ਅਗਵਾਈ ਵਿਚ ਜੱਥਾ ਲਾਹੌਰ ਤੋਂ ਅਰਦਾਸ ਕਰਨ ਉਪਰੰਤ ਰਵਾਨਾ ਹੋਇਆ। ਪੜਾਅ ਦਰ ਪੜਾਅ ਕਰਦਾ ਇਹ ਜੱਥਾ ਪੰਜਵੇਂ ਦਿਨ ਸ੍ਰੀ ਆਨੰਦਪੁਰ ਸਾਹਿਬ ਪੁੱਜਾ। ਰਾਤਰੀ ਦੇ ਵਿਸ਼ਰਾਮ ਸਮੇਂ ਜਥੇਦਾਰ ਭਾਈ

ਹਰਨਾਮ ਦਾਸ ਜੀ ਨੇ ਸੱਭ ਨੂੰ ਸੁਨੇਹਾ ਦਿਤਾ ਕਿ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਸੱਭ ਸੰਗਤ ਜਲਦੀ ਤਿਆਰ ਹੋ ਕੇ ਪਹੁੰਚ ਜਾਵੇ। ਗੁਰੂ ਸਾਹਿਬ ਜੀ ਨੇ ਮੁਲਾਕਾਤ ਦਾ ਸਮਾਂ 'ਆਸਾ ਦੀ ਵਾਰ' ਦੇ ਕੀਰਤਨ ਤੋਂ ਬਾਅਦ ਦਾ ਤੈਅ ਕਰ ਦਿੱਤਾ ਹੈ।

ਅਗਲੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਸੰਗਤਾਂ ਪਹੁੰਚ ਰਹੀਆਂ ਸਨ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਚੁੱਕਾ ਸੀ। ਬਾਲਕ ਦਇਆ ਰਾਮ ਸਤਿਗੁਰੂ ਜੀ ਦੇ ਤਖ਼ਤ ਦੇ ਬਿਲਕੁਲ ਸਾਹਮਣੇ ਬੈਠਾ ਹੈ। ਕੁਝ ਸਮੇਂ ਬਾਅਦ ਗੁਰੂ ਸਾਹਿਬ ਜੀ ਨੇ ਦੀਵਾਨ ਵਿਚ ਚਰਨ ਪਾਏ। ਰਾਗੀ ਸਾਹਿਬਾਨ 'ਦਰਸ਼ਨ' ਦਾ ਸ਼ਬਦ ਗਾਇਨ ਕਰ ਰਹੇ ਸਨ। ਗੁਰੂ ਸਾਹਿਬ ਜੀ ਨੇ ਕੀਰਤਨ ਦੇ ਸਤਿਕਾਰ ਵਜੋਂ ਕੁਝ ਭੇਟਾ ਰੱਖੀ ਅਤੇ ਤਖ਼ਤ ਉਪਰ ਸੁਭਾਏਮਾਨ ਹੋ ਗਏ। ਕੀਰਤਨ ਦੇ ਭੋਗ ਉਪਰੰਤ ਜਥੇਦਾਰ ਹਰਨਾਮ ਦਾਸ ਜੀ ਨੇ ਲਾਹੌਰ ਦੀਆਂ ਸੰਗਤਾਂ ਦੀ ਮੁਲਾਕਾਤ ਗੁਰੂ ਸਾਹਿਬ ਜੀ ਨਾਲ ਕਰਾਉਣੀ ਸ਼ੁਰੂ ਕਰ ਦਿੱਤੀ। ਸੰਗਤਾਂ ਆਪਣੇ ਨਾਲ ਲਿਆਂਦੀ ਭੇਟਾ ਗੁਰੂ ਸਾਹਿਬ ਜੀ ਨੂੰ ਅਰਪਣ ਕਰਕੇ ਆਸ਼ੀਰਵਾਦ ਪ੍ਰਾਪਤ ਕਰ ਰਹੀਆਂ ਸਨ। ਬਾਲਕ ਦਇਆ ਰਾਮ ਗੁਰੂ ਜੀ ਦੇ ਨੂਰਾਨੀ ਮੁਖੜੇ ਦੇ ਦੀਦਾਰ ਕਰਕੇ ਗਦਗੱਦ ਹੋਇਆ ਪਿਆ ਸੀ। ਆਪਣੇ ਮਾਤਾ - ਪਿਤਾ ਦੀ ਵਾਰੀ ਦੇ ਨਾਲ ਉਹ ਵੀ ਗੁਰੂ ਸਾਹਿਬ ਜੀ ਦੇ ਚਰਨਾਂ ਉਪਰ ਪ੍ਰਣਾਮ ਕਰ ਰਿਹਾ ਸੀ। ਸੱਚੇ ਪਾਤਸ਼ਾਹ ਨੇ ਚਰਨਾਂ ਤੋਂ ਉਠਾ ਕੇ ਦਇਆ ਰਾਮ ਨੂੰ ਖੜਾ ਕੀਤਾ। ਫਿਰ ਆਪਣੇ ਪਵਿੱਤਰ ਮੁੱਖ ਤੋਂ ਉਚਾਰਨ ਕੀਤਾ, "ਭਾਈ - ਤੂੰ ਆ ਗਿਆ! ਅਸੀਂ ਤਾਂ ਚਿਰਾਂ ਤੋਂ ਤੈਨੂੰ ਉਡੀਕ ਰਹੇ ਸਾਂ। ਗੁਰੂ ਸਾਹਿਬ ਜੀ ਨੇ ਦਇਆ ਰਾਮ ਜੀ ਨੂੰ ਗਲਵੱਕੜੀ ਵਿਚ ਲੈ ਲਿਆ। ਗੁਰੂ ਸਾਹਿਬ ਜੀ ਜਾਣਦੇ ਹਨ ਕਿ ਇਹ ਸਾਡਾ ਹੇਮਕੁੰਟ ਦਾ ਤਪੱਸਵੀ ਸਾਥੀ ਹੈ। ਫਿਰ ਗੁਰੂ ਜੀ ਨੇ ਮਾਤਾ-ਪਿਤਾ ਵੱਲ ਵੇਖ ਕੇ ਕਿਹਾ,"ਹੁਣ ਅਸੀਂ ਇਸ ਨੂੰ ਜਾਣ ਨਹੀਂ ਦੇਣਾ। ਇਹ ਅਸਾਡੇ ਕੋਲ ਹੀ ਰਹੇਗਾ।" ਮਾਤਾ ਸੋਭਾ ਦੇਈ ਜੀ ਕਹਿਣ ਲੱਗੇ, 'ਸੱਚੇ ਪਤਾਸ਼ਾਹ, ਇਹ ਤਾਂ ਪਹਿਲਾਂ ਹੀ ਕਹਿ ਰਿਹਾ ਸੀ ਕਿ ਮੈਂ ਹੁਣ ਇਥੋਂ ਵਾਪਸ ਨਹੀਂ ਜਾਣਾ।'

ਗੁਰੂ ਸਾਹਿਬ ਜੀ ਨੇ ਦਇਆ ਰਾਮ ਨੂੰ 'ਭਾਈ' ਸ਼ਬਦ ਨਾਲ ਸੰਬੋਧਨ ਕਰਨ ਅਤੇ ਉਸ ਨੂੰ ਆਨੰਦਪੁਰ ਸਾਹਿਬ ਵਿਚ ਆਪਣੀ ਸੇਵਾ ਵਿਚ ਹੀ ਰੱਖ ਲੈਣ ਲਈ ਲਾਹੌਰ ਦੀ ਸਾਰੀ ਸੰਗਤ ਨੇ ਮਾਤਾ ਸੋਭਾ ਦੇਈ ਅਤੇ ਪਿਤਾ ਮਈਆ ਰਾਮ ਜੀ ਨੂੰ ਵਧਾਈ ਦਿਤੀ। ਉਹਨਾਂ ਨੇ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬ ਜੀ ਨੇ ਸਾਡੇ ਪਰਿਵਾਰ ਨੂੰ ਬਹੁਤ ਵੱਡਾ ਮਾਣ ਦਿੱਤਾ ਹੈ। ਉਹਨਾਂ ਨੇ ਆਪਣੇ ਵੱਡੇ ਵਡੇਰਿਆਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਅਥਾਹ ਸੇਵਾ, ਭਰੋਸੇ ਅਤੇ ਪ੍ਰੇਮ ਭਾਵਨਾ ਕਰਕੇ ਅਗਲੀਆਂ ਪੀੜੀਆਂ ਲਈ ਗੁਰੂ ਘਰ ਦੀ ਸੇਵਾ ਦਾ ਵਰਦਾਨ ਪ੍ਰਾਪਤ

ਕੀਤਾ ਸੀ।

ਜਿੰਨੇ ਦਿਨ ਲਾਹੌਰ ਦੀ ਸੰਗਤ ਆਨੰਦਪੁਰ ਸਾਹਿਬ ਵਿਚ ਰਹੀ ਤਾਂ ਮਾਤਾ ਪਿਤਾ ਦਇਆ ਰਾਮ ਗੁਰੂ ਘਰ ਦੀ ਸੇਵਾ ਮਨ ਚਿੱਤ ਲਾ ਕੇ ਕਰਨ ਲਈ ਸਮਝਾਉਂਦੇ ਰਹੇ। "ਵੇਖੀਂ ਪੁੱਤਰ, ਗੁਰੂ ਸਾਹਿਬ ਜੀ ਦੇ ਹਰ ਬਚਨ ਨੂੰ ਸੱਤ ਕਰਕੇ ਮੰਨਣਾ ਹੈ, ਅਗੋਂ ਕੋਈ ਸਵਾਲ ਨਹੀਂ ਕਰਨਾ"। "ਕਿਤੇ ਸੇਵਾ ਵਿਚ ਕੋਈ ਕੁਤਾਹੀ ਨਾ ਕਰ ਬੈਠੀ"। "ਹਰ ਕਿਸੇ ਨਾਲ ਮਿੱਠਾ ਤੇ ਪਿਆਰ ਨਾਲ ਬੋਲਣਾ ਹੈ"। "ਜੂਠੇ ਭਾਂਡੇ ਮਾਂਜਣ ਨਾਲ ਮਨ ਵਿਚ ਨਿਮਰਤਾ ਆਂਉਦੀ ਹੈ"। "ਜੋੜਿਆਂ ਦੀ ਸੇਵਾ ਅਤੇ ਧੂੜੀ ਮੱਥੇ ਨੂੰ ਲਾਉਣ ਨਾਲ ਹੰਕਾਰ ਨਹੀਂ ਹੁੰਦਾ"। "ਕਿਸੇ ਨੂੰ ਬੁਰੇ ਬੋਲ ਬੋਲਣ ਦੀ ਬੜੀ ਭਾਰੀ ਸਜ਼ਾ ਮਿਲਦੀ ਹੈ" ਆਦਿ ਆਦਿ। ਜਾਣ ਲੱਗੇ ਪਿਤਾ ਮਈਆ ਰਾਮ ਜੀ ਨੇ ਪੁੱਤਰ ਦਾ ਮੂੰਹ ਚੁੰਮਿਆਂ ਤੇ ਨਾਲ ਹੀ ਕਿਹਾ ਆਪਣੀਆਂ ਲੋੜਾਂ ਲਈ ਗੁਰੂ ਘਰ ਦਾ ਪੈਸਾ ਖਰਚ ਨਹੀਂ ਕਰਵਾਉਣਾ। ਅਸੀਂ ਹਰ ਸਾਲ ਤੈਨੂੰ ਜਥੇਦਾਰ ਜੀ ਦੇ ਹੱਥ ਦੋ ਲਿਫ਼ਾਫ਼ੇ ਭੇਜਿਆ ਕਰਾਂਗੇ। ਇਕ ਗੁਰੂ ਘਰ ਦੇ ਦਸਵੰਧ ਲਈ ਜਮਾਂ ਕਰਵਾ ਦਿਆ ਕਰਨਾ ਅਤੇ ਇਕ ਆਪਣੀਆਂ ਲੋੜਾਂ ਲਈ ਰੱਖ ਲਿਆ ਕਰਨਾ।

ਸੰਨ 1681 ਤੋਂ 1684 ਈਸਵੀ ਦਾ ਸਮਾਂ ਭਾਈ ਦਇਆ ਰਾਮ ਜੀ ਦਾ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਬਤੀਤ ਹੋਇਆ। ਜਦੋਂ ਪਹਿਲੀ ਮੁਲਾਕਾਤ ਸਮੇਂ ਗੁਰੂ ਸਾਹਿਬ ਜੀ ਨੇ ਉਹਨਾਂ ਨੂੰ 'ਭਾਈ' ਕਹਿ ਕੇ ਬੁਲਾਇਆ ਸੀ, ਉਦੋਂ ਤੋਂ ਹੀ ਸਾਰੀ ਸੰਗਤ ਉਹਨਾਂ ਨੂੰ ਭਾਈ ਦਇਆ ਰਾਮ ਜੀ ਕਹਿ ਕੇ ਹੀ ਬੁਲਾਇਆ ਕਰਦੀ ਸੀ। ਗੁਰੂ ਸਾਹਿਬ ਜੀ ਭਾਈ ਦਇਆ ਰਾਮ ਜੀ ਤੋਂ ਦੋ ਸਾਲ ਵੱਡੇ ਹਨ। ਹਾਣ ਨੂੰ ਹਾਣ ਪਿਆਰਾ ਹੁੰਦਾ ਹੈ। ਗੁਰੂ ਸਾਹਿਬ ਜੀ ਤਾਂ ਇਹ ਜਾਣਦੇ ਹਨ ਕਿ ਇਹ ਸਾਡਾ ਹੇਮਕੁੰਟ ਦਾ ਸਾਥੀ ਹੈ ਪਰ ਭਾਈ ਦਇਆ ਰਾਮ ਜੀ ਤਾਂ ਇਹ ਕੁਝ ਵੀ ਨਹੀ ਜਾਣਦੇ ਸੀ ਪਰ ਫੇਰ ਵੀ ਗੁਰੂ ਸਾਹਿਬ ਜੀ ਦੇ ਪ੍ਰਤੀ ਸਮਰਪਣ ਹੀ ਇਤਨਾ ਹੈ ਕਿ ਹਰ ਸਮੇਂ ਉਹਨਾਂ ਦੀ ਸੇਵਾ ਵਿਚ ਤੱਤਪਰ ਰਹਿੰਦੇ ਹਨ। ਗੁਰੂ ਸਾਹਿਬ ਜੀ ਵੀ ਉਹਨਾਂ ਨੂੰ ਇਤਨਾ ਪਿਆਰ ਕਰਦੇ ਸਨ ਕਿ ਉਹਨਾਂ ਨੇ ਆਪਣੇ ਉਸਤਾਦਾਂ ਪਾਸੋਂ ਸ਼ਸਤਰ ਵਿਦਿਆ ਸਿਖਾਉਣ ਦਾ ਪ੍ਰਬੰਧ ਕੀਤਾ। ਕਦੇ ਕਦੇ ਗੁਰੂ ਜੀ ਆਪ ਵੀ ਉਹਨਾਂ ਨਾਲ ਸ਼ਸਤਰਾਂ ਦਾ ਅਭਿਆਸ ਕਰਦੇ। ਉਹਨਾਂ ਦੀਆਂ ਗਲਤੀਆਂ ਨੂੰ ਸੁਧਾਰਦੇ। ਆਪਣੇ ਉਸਤਾਦਾਂ ਨੂੰ ਵੀ ਇਹ ਕਿਹਾ ਹੋਇਆ ਸੀ ਕਿ ਭਾਈ ਦਇਆ ਰਾਮ ਜੋ ਵੀ ਸਿੱਖਣਾ ਚਾਹੁੰਦਾ ਹੈ, ਉਸ ਨੂੰ ਇਨਕਾਰ ਨਹੀਂ ਕਰਨਾ। ਇਸ ਸੱਭ ਕੁੱਝ ਤੋਂ ਇਲਾਵਾ ਉਹ ਸੰਗਤਾਂ ਦੀ ਸੇਵਾ ਕਰਦੇ। ਜਿਥੇ ਦੀਵਾਨ ਲਗਦਾ, ਉਥੇ ਬਸਤਰਾਂ ਦੀ ਸੇਵਾ ਕਰਦੇ। ਜੋੜਿਆਂ ਦੀ ਸੇਵਾ ਕਰਦੇ। ਲੰਗਰ ਲਈ ਲੱਕੜੀਆਂ ਦਾ ਪ੍ਰਬੰਧ ਕਰਦੇ। ਜਿਥੇ ਕਿਤੇ ਵੀ

ਉਹ ਕਿਸੇ ਸੇਵਾ ਵਿਚ ਸੇਵਾਦਾਰ ਦੀ ਘਾਟ ਮਹਿਸੂਸ ਕਰਦੇ, ਉਥੇ ਆਪ ਸੇਵਾ ਲਈ ਪਹੁੰਚ ਜਾਂਦੇ।

ਇਹਨਾਂ ਚਾਰ ਸਾਲਾਂ ਵਿਚ ਭਾਈ ਦਇਆ ਰਾਮ ਜੀ ਨੇ ਬਹੁਤ ਸਾਰੀਆਂ ਘਟਨਾਵਾਂ ਅਤੇ ਕੌਤਕ ਆਪਣੀ ਅੱਖਾਂ ਨਾਲ ਵੇਖੇ। ਬਹੁਤ ਸੇਵਾਵਾਂ ਵਿਚ ਹਿੱਸਾ ਲਿਆ। ਇਥੇ ਇਤਿਹਾਸ ਵਿਚ ਆਉਂਦੀਆਂ ਦੋ ਘਟਨਾਵਾਂ ਦਾ ਜ਼ਿਕਰ ਕਰ ਰਹੇ ਹਾਂ, ਜਿਹਨਾਂ ਤੋਂ ਭਾਈ ਦਇਆ ਰਾਮ ਜੀ ਦੀ ਗੁਰੂ ਘਰ ਵਿਚ ਰਹਿਣੀ ਬਹਿਣੀ ਬਾਰੇ ਪਤਾ ਚਲਦਾ ਹੈ। ਦਇਆ ਅਤੇ ਸਿਮਰਨ ਬਾਣੀ ਲਈ ਤਾਂਘ ਬਾਰੇ ਪਤਾ ਚਲਦਾ ਹੈ। ਜਦੋਂ ਤੋਂ ਉਹਨਾਂ ਨੇ ਗੁਰੂ ਘਰ ਵਿਚ ਸੇਵਾ ਆਰੰਭ ਕੀਤੀ ਤਾਂ ਉਹ ਮੌਕਾ ਮਿਲਣ ਤੇ ਗੁਰੂ ਸਾਹਿਬ ਜੀ ਤੋਂ ਪੁੱਛਦੇ ਰਹਿੰਦੇ ਸਨ ਕਿ ਗੁਰਸਿੱਖ ਦੀ ਨਿਤ ਦੀ ਕਰਨੀ ਕੀ ਹੋਵੇ? ਗੁਰੂ ਸਾਹਿਬ ਜੀ ਮੁਸਕਰਾ ਦਿਆ ਕਰਦੇ ਅਤੇ ਕਿਹਾ ਕਰਦੇ, "ਭਾਈ ਜੀ, ਜਿਸ ਤਰ੍ਹਾਂ ਬਾਕੀ ਸੇਵਾ ਕਰਦੇ ਹਨ, ਤੁਸੀ ਵੀ ਕਰ ਲਿਆ ਕਰੋ। ਜਿਸ ਤਰ੍ਹਾਂ ਬਾਕੀ ਸਿਮਰਨ ਕਰਦੇ ਹਨ, ਤੁਸੀ ਵੀ ਕਰ ਲਿਆ ਕਰੋ।" ਇਸ ਤਰ੍ਹਾਂ ਲੱਗਭਗ ਸਵਾ ਸਾਲ ਬੀਤ ਗਿਆ। ਇਕ ਦਿਨ ਮੌਕਾ ਪਾਕੇ ਭਾਈ ਦਇਆ ਰਾਮ ਜੀ ਗੁਰੂ ਸਾਹਿਬ ਜੀ ਦੇ ਚਰਨਾਂ ਨਾਲ ਲਿਪਟ ਗਏ। ਅੱਖਾਂ ਵਿਚ ਬੈਰਾਗ ਦੇ ਅੱਥਰੂ ਹਨ ਅਤੇ ਆਖ ਰਹੇ ਹਨ, "ਗੁਰੂ ਸਾਹਿਬ ਜੀ, ਮਨ ਵਿਚ ਚਾਓ ਵੀ ਬਹੁਤ ਹੈ। ਭਾਓ ਵੀ ਬਹੁਤ ਹੈ। ਪਰ ਅਵਸਥਾ ਤਾਂ ਉਹੀ ਹੈ, ਜੋ ਘਰ ਤੋਂ ਚੱਲਣ ਵੇਲੇ ਸੀ। ਮਾਤਾ ਪਿਤਾ ਤੋਂ ਵੱਡੇ ਪੁਰਖਾਂ ਦੇ ਆਨੰਦ ਦੀ ਪ੍ਰਾਪਤੀ ਬਾਰੇ ਸੁਣਦਾ ਰਿਹਾ ਹਾਂ। ਉਸੇ ਆਨੰਦ ਦੀ ਬਖਸ਼ਿਸ਼ ਕਰੋ ਜੀ। ਧੰਨ ਗੁਰੂ ਗੋਬਿੰਦ ਰਾਏ ਜੀ ਨੇ ਅੱਜ ਆਪਣੇ ਹੇਮਕੁੰਟ ਦੇ ਸਾਥੀ ਤੇ ਤਰਸ ਕੀਤਾ। ਮੋਢਿਆਂ ਤੋਂ ਫੜ ਕੇ ਉਠਾਇਆ। ਆਪਣੇ ਨਾਲ ਆਪਣੇ ਆਸਣ ਵਾਲੇ ਕਮਰੇ ਵਿਚ ਲੈ ਕੇ ਗਏ। ਆਪਣੇ ਨਾਲ ਹੀ ਆਸਣ ਉਪਰ ਬਿਠਾ ਕਰਕੇ ਉਚਾਰਨ ਕਰਨ ਲਗੇ, "ਭਾਈ ਦਇਆ ਰਾਮ ਜੀ, ਮੰਤਰ ਤਾਂ ਉਹੋ ਹੀ ਹੈ, ਜੋ ਵੱਡੇ ਸਤਿਗੁਰੂ ਜੀ ਪਹਿਲੇ ਜਾਮੇਂ ਵਿਚ ਦਿਆ ਕਰਦੇ ਸਨ। ਇਸੇ ਮੰਤਰ ਨੂੰ ਤੁਹਾਡੇ ਖਾਨਦਾਨ ਵਿਚ ਪਹਿਲੀ ਵਾਰ ਗੁਰੂ ਅਮਰ ਦਾਸ ਜੀ ਨੇ ਦ੍ਰਿੜ ਕਰਵਾਇਆ। ਇਸੇ ਮੰਤਰ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਦਰਜ ਕੀਤਾ:-

*"ਵਾਹਿਗੁਰੂ ਗੁਰ ਮੰਤਰ ਹੈ, ਜਪਿ ਹਉਮੈ ਖੋਈ"*

ਭਾਈ ਜੀ, ਤੁਹਾਨੂੰ ਇਹ ਵੀ ਦੱਸ ਦੇਈਏ ਕਿ ਭਾਈ ਗੁਰਦਾਸ ਜੀ ਰਿਸ਼ਤੇ ਵਿਚੋਂ ਗੁਰੂ ਅਰਜਨ ਸਾਹਿਬ ਜੀ ਦੇ ਮਾਮਾ ਜੀ ਲਗਦੇ ਸਨ। ਇਹ ਬਹੁਤ ਵੱਡੇ ਵਿਦਵਾਨ ਅਤੇ ਗੁਰਬਾਣੀ ਦੇ ਗਿਆਤਾ ਸਨ। ਇਹਨਾਂ ਨੇ ਜੋ ਰਚਨਾ ਕੀਤੀ, ਇਸ ਨੂੰ ਵੱਡੇ ਸਤਿਗੁਰਾਂ

ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ। 'ਵਾਹਿਗੁਰੂ' ਮੰਤਰ ਦੀ ਕਮਾਈ ਦਾ ਸਦਕਾ ਤੁਹਾਡੇ ਘਰ ਪੀੜ੍ਹੀ ਦਰ ਪੀੜ੍ਹੀ ਗੁਰੂ ਘਰ ਲਈ ਪ੍ਰੀਤ ਪੱਕੀ ਹੁੰਦੀ ਗਈ। ਇਸੇ ਪ੍ਰੀਤ ਦੇ ਸਦਕੇ ਤੁਹਾਡੇ ਵੱਡ ਪੁਰਖੇ ਭਾਈ ਗੁਰੀਆ ਜੀ ਨੇ ਅਗਲੀਆਂ ਪੀੜ੍ਹੀਆਂ ਲਈ ਸੇਵਾ ਦਾ ਦਾਨ ਵੱਡੇ ਗੁਰੂ ਜੀ ਤੋਂ ਪ੍ਰਾਪਤ ਕੀਤਾ। ਇਸੇ ਮੰਤਰ ਦੀ ਕਮਾਈ ਸੀ ਕਿ ਭਾਈ ਕਮਾਲਾ ਜੀ ਨੇ ਜ਼ੁਲਮ ਦੇ ਵਿਰੁਧ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਫਿਰ ਗੁਰੂ ਸਾਹਿਬ ਜੀ ਨੇ ਨੇਤਰ ਬੰਦ ਕਰਕੇ ਇਹ ਬਚਨ ਉਚਾਰੇ – "ਧੰਨ ਭਾਈ ਕਮਾਲਾ ਜੀ"। ਕੁਝ ਸਮਾਂ ਰੁਕਣ ਬਾਅਦ ਫਿਰ ਕਿਹਾ,"ਤੁਹਾਡੇ ਪਿਤਾ ਜੀ ਨੇ ਇਹੀ ਮੰਤਰ ਗੁਰੂ ਹਰਿ ਰਾਏ ਸਾਹਿਬ ਜੀ ਤੋਂ ਲਿਆ ਅਰ ਅੱਜ ਤੁਹਾਨੂੰ ਬਖਸ਼ਿਸ਼ ਕਰ ਰਹੇ ਹਾਂ"। ਇਹ ਬਚਨ ਗੁਰੂ ਸਾਹਿਬ ਜੀ ਆਪਣੇ ਨੂਰਾਨੀ ਨੇਤਰ ਭਾਈ ਦਇਆ ਰਾਮ ਜੀ ਦੇ ਨੇਤਰਾਂ ਵਿਚ ਪੂਰਨ ਰੂਪ ਵਿਚ ਖੁਭੋ ਕੇ ਕਰ ਰਹੇ ਸਨ ਅਤੇ ਚੇਹਰੇ ਤੇ ਇਕ ਵੱਖਰਾ ਹੀ ਨੂਰ ਸੀ। ਗੁਰੂ ਸਾਹਿਬ ਜੀ ਨੇ ਅੱਗੇ ਫੁਰਮਾਇਆ, "ਪੋਥੀ ਸਾਹਿਬ ਵਿਚ ਗੁਰੂ ਰਾਮ ਦਾਸ ਸਾਹਿਬ ਜੀ ਇਕ ਸ਼ਬਦ ਵਿਚ ਸਮਝਾ ਰਹੇ ਹਨ – ਰਾਗ ਗਉੜੀ ਵਿਚ – '***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***' ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹ ਲੈਣਾ। ਤੁਸੀਂ ਕਮਾਈ ਵੀ ਇਸੇ ਤਰ੍ਹਾਂ ਕਰਨੀ ਹੈ। ਪਹਿਰ ਰਾਤ ਰਹਿੰਦੀ ਤੋਂ ਪਹਿਲਾਂ ਜਿੰਨੀ ਛੇਤੀ ਹੋ ਸਕੇ ਉਠ ਕੇ ਬੈਠ ਜਾਣਾ ਹੈ ਅਰ ਨਾਮ ਦਾ ਜਾਪ ਸ਼ੁਰੂ ਕਰ ਦੇਣਾ ਹੈ। ਫਿਰ ਆਲਸ ਨਹੀਂ ਕਰਨਾ, ਇਸ਼ਨਾਨ ਕਰਕੇ, ਸਤਿਸੰਗ ਰੂਪੀ ਅੰਮ੍ਰਿਤ ਸਰੋਵਰ ਵਿਚ ਟੁੱਭੀ ਲਾਉਣੀ ਹੈ। ਇਸ ਤਰ੍ਹਾਂ ਕਰਨ ਨਾਲ ਸੱਭ ਪਾਪਾਂ ਦਾ ਨਾਸ ਹੋ ਜਾਂਦਾ ਹੈ, ਜੋ ਇਨਸਾਨ ਤੋਂ ਜਾਣੇ ਅਣਜਾਣੇ ਹੋ ਜਾਂਦੇ ਹਨ। ਫਿਰ ਦਿਨ ਚੜ੍ਹੇ ਗੁਰਬਾਣੀ ਦਾ ਪਾਠ ਕਰਨਾ ਹੈ, ਗਾਇਨ ਕਰਨਾ ਹੈ ਅਤੇ ਬਹਿੰਦਿਆਂ ਉਠਦਿਆਂ ਨਾਮ ਦਾ ਸਿਮਰਨ ਕਰਨਾ ਹੈ। ਇਸ ਤਰ੍ਹਾਂ ਹਰ ਆਉਣ ਜਾਣ ਵਾਲੇ ਸਾਹ ਨਾਲ ਵਾਹਿਗੁਰੂ ਮੰਤਰ ਦਾ ਸਿਮਰਨ ਕਰਨ ਵਾਲਾ ਸਿੱਖ ਹੀ ਵੱਡੇ ਸਤਿਗੁਰਾਂ ਅਤੇ ਅਸਾਡੇ ਚਿੱਤ ਨੂੰ ਚੰਗਾ ਲਗਦਾ ਹੈ। ਜਿਸ ਤਰ੍ਹਾਂ ਤੁਹਾਡੇ ਉਪਰ ਬਖਸ਼ਿਸ਼ ਹੋ ਰਹੀ ਹੈ ਨਾ, ਇਹ ਤਾਂ ਹੀ ਹੁੰਦੀ ਹੈ ਜਦੋਂ ਗੁਰੂ ਸਿੱਖ ਦੀ ਅੰਦਰਲੀ ਅਵਸਥਾ ਨੂੰ ਵੇਖ ਕੇ ਮਿਹਰਬਾਨ ਹੁੰਦਾ ਹੈ। ਇਸ ਤਰ੍ਹਾਂ ਕਰਕੇ ਜਦੋਂ ਕੋਈ ਸਿੱਖ ਸਾਡੇ ਉਪਦੇਸ਼ ਦੀ ਕਮਾਈ ਕਰਦਾ ਹੈ, ਆਪ ਨਾਮ ਜਪਦਾ ਹੈ ਅਤੇ ਹੋਰਨਾਂ ਨੂੰ ਜਪਾਉਂਦਾ ਹੈ ਤਾਂ ਸਾਡਾ ਵੀ ਚਿਤ ਕਰਦਾ ਹੈ ਕਿ ਅਸੀਂ ਉਸ ਪਿਆਰੇ ਗੁਰਸਿੱਖ ਦੀ ਧੂੜੀ ਨੂੰ ਆਪਣੇ ਮੱਥੇ ਨਾਲ ਲਾ ਲਈਏ।"

ਭਾਈ ਦਇਆ ਰਾਮ ਜੀ ਮੰਤਰ ਮੁਗਧ ਹੋ ਕੇ ਹੱਥ ਜੋੜ ਕੇ ਗੁਰੂ ਸਾਹਿਬ ਜੀ ਦਾ ਇਕ ਇਕ ਬਚਨ ਬੜੇ ਧਿਆਨ ਨਾਲ ਸਰਵਣ ਕਰ ਰਹੇ ਸਨ। ਇਹ ਬਚਨ ਕਰਨ ਤੋਂ

ਬਾਅਦ ਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਦੀ ਪਿੱਠ ਤੇ ਥਾਪੜਾ ਦੇ ਕੇ ਉਠਾਇਆ। ਗੁਰੂ ਸਾਹਿਬ ਜੀ ਦੇ ਵੱਲੋਂ ਅੱਜ ਮਿਲੀ ਹੱਥਾਂ ਦੀ ਛੋਹ ਦੇ ਨਾਲ ਭਾਈ ਦਇਆ ਰਾਮ ਜੀ ਨੂੰ ਇਹ ਮਹਿਸੂਸ ਹੋਇਆ ਜਿਵੇਂ ਮੱਤ ਤੇ ਪਿਆ ਪੜਦਾ ਹਟਾ ਕੇ ਕਿਸੇ ਨੇ ਸੌ ਸੂਰਜਾਂ ਦਾ ਪ੍ਰਕਾਸ਼ ਕਰ ਦਿੱਤਾ ਹੋਵੇ। ਭਾਈ ਦਇਆ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਚਰਨ ਸਪਰਸ਼ ਕਰਕੇ ਬੇਨਤੀ ਕੀਤੀ ਕਿ ਆਪ ਜੀ ਕਿਰਪਾ ਕਰਿਓ ਕਿ ਮੈਂ ਇਸ ਉਪਦੇਸ਼ ਦੀ ਕਮਾਈ ਕਰ ਸਕਾਂ।

ਇਹਨਾਂ ਚਾਰ ਸਾਲਾਂ ਵਿਚ ਇਕ ਹੋਰ ਘਟਨਾ ਵਾਪਰੀ। ਭਾਈ ਗੋਪਾਲ ਦਾਸ ਜੀ ਆਨੰਦਪੁਰ ਵਾਸੀ ਰੋਜ਼ਾਨਾ ਲੰਗਰ ਵਿਚ ਸੇਵਾ ਕਰਨ ਆਇਆ ਕਰਦੇ ਸਨ। ਇਕ ਦਿਨ ਉਹ ਭਾਈ ਦਇਆ ਰਾਮ ਜੀ ਨਾਲ ਵੱਡੀਆਂ ਲੱਕੜਾਂ ਨੂੰ ਬਾਲਣ ਯੋਗ ਬਣਾਉਣ ਲਈ ਕੁਹਾੜੀਆਂ ਨਾਲ ਛੋਟੇ ਛੋਟੇ ਟੁਕੜੇ ਕਰਵਾ ਰਹੇ ਸਨ। ਭਾਈ ਦਇਆ ਰਾਮ ਜੀ ਨੇ ਗੋਪਾਲ ਦਾਸ ਜੀ ਦੇ ਚਿਹਰੇ ਤੇ ਉਦਾਸੀ ਦੇ ਭਾਵ ਦੇਖ ਕੇ ਇਸ ਦਾ ਕਾਰਨ ਪੁੱਛਿਆ। ਗੋਪਾਲ ਦਾਸ ਜੀ ਨੇ ਦੱਸਿਆ ਕਿ ਲੜਕੀ ਦੀ ਸ਼ਾਦੀ ਨੀਯਤ ਕੀਤੀ ਹੋਈ ਹੈ। ਵਿਆਹ ਦੀ ਤਰੀਕ ਨੇੜੇ ਆ ਰਹੀ ਹੈ, ਪਰ ਪੈਸੇ ਦੀ ਘਾਟ ਕਾਰਨ ਹੱਥ ਬਹੁਤ ਤੰਗ ਹੈ। ਘਰਵਾਲੀ ਨੇ ਗੁਰੂ ਸਾਹਿਬ ਜੀ ਕੋਲ ਬੇਨਤੀ ਕਰਨ ਲਈ ਕਿਹਾ ਹੈ, ਪਰ ਮੇਰੀ ਹਿੰਮਤ ਨਹੀਂ ਪੈਂਦੀ। ਭਾਈ ਦਇਆ ਰਾਮ ਜੀ ਨੇ ਕਿਹਾ, 'ਤੁਸੀਂ ਚਿੰਤਾ ਨਾ ਕਰੋ। ਵਿਆਹ ਦੀਆਂ ਤਿਆਰੀਆਂ ਆਰੰਭ ਕਰੋ। ਗੁਰੂ ਸਾਹਿਬ ਜੀ ਕਿਰਪਾ ਕਰਨਗੇ। ਕੱਲ ਨੂੰ ਤੁਹਾਡੇ ਕੋਲ ਪੈਸੇ ਪਹੁੰਚ ਜਾਣਗੇ'।

ਭਾਈ ਦਇਆ ਰਾਮ ਜੀ ਹਰ ਸਾਲ ਘਰੋਂ ਆਏ ਦਸਵੰਧ ਦੀ ਰਕਮ ਜਮਾਂ ਕਰਵਾ ਦਿੰਦੇ ਸਨ ਅਤੇ ਆਪਣੇ ਖਰਚੇ ਵਾਲੇ ਪੈਸੇ ਵੀ ਗੁਰੂ ਘਰ ਦੇ ਖਜ਼ਾਨਚੀ ਕੋਲ ਜਮਾਂ ਕਰਵਾ ਦਿੰਦੇ ਸਨ। ਕਹਿ ਦਿੰਦੇ ਸਨ ਕਿ ਲੋੜ ਪੈਣ ਤੇ ਲੈ ਲਵਾਂਗਾ। ਪਰ ਉਹਨਾਂ ਨੇ ਆਪਣੇ ਖਰਚੇ ਲਈ ਬਹੁਤ ਘੱਟ ਪੈਸੇ ਹੀ ਵਾਪਸ ਲਏ ਸਨ। ਅਗਲੇ ਦਿਨ ਉਹਨਾਂ ਨੇ ਗੁਰੂ ਘਰ ਦੇ ਖਜ਼ਾਨਚੀ ਭਾਈ ਹਰਾ ਰਾਮ ਜੀ ਕੋਲ ਜਾ ਕੇ ਬੇਨਤੀ ਕੀਤੀ। ਮੈਨੂੰ ਪੈਸਿਆਂ ਦੀ ਲੋੜ ਹੈ। ਕਿਰਪਾ ਕਰਕੇ ਮੇਰੇ ਘਰ ਦਿਆਂ ਵੱਲੋਂ ਭੇਜੇ ਪੈਸੇ ਜਿੰਨੇ ਬਚਦੇ ਹਨ ਅਤੇ 100 ਰੁਪਏ ਗੁਰੂ ਸਾਹਿਬ ਦੇ ਖਜ਼ਾਨੇ ਵਿਚੋਂ ਮੈਂਨੂੰ ਦੇ ਦਿਓ। ਗੁਰੂ ਘਰ ਦੇ ਪੈਸੇ ਮੈਂ ਕੁਝ ਹੀ ਦਿਨਾਂ ਵਿਚ ਵਾਪਸ ਕਰ ਦਿਆਂਗਾ। ਭਾਈ ਸਾਹਿਬ ਜੀ ਦੀ ਸ਼ਖਸ਼ੀਅਤ ਅਤੇ ਉਹਨਾਂ ਦੀ ਗੁਰੂ ਸਾਹਿਬ ਨਾਲ ਨੇੜਤਾ ਕਾਰਨ ਭਾਈ ਹਰਾ ਰਾਮ ਜੀ ਨੇ ਪੈਸੇ ਦੇਣ ਤੋਂ ਇਨਕਾਰ ਨਹੀਂ ਕੀਤਾ। ਭਾਈ ਦਇਆ ਰਾਮ ਜੀ ਨੇ ਸਾਰੀ ਰਕਮ ਭਾਈ ਗੋਪਾਲ ਦਾਸ ਜੀ ਨੂੰ ਦੇ ਦਿੱਤੀ। ਇਸ ਪੈਸੇ ਨਾਲ ਬੱਚੀ ਦੇ ਕਾਰਜ ਬੜੀ ਖੁਸ਼ੀ

ਵਿਚ ਸੰਪਨ ਹੋਏ।

ਇਕ ਮਹੀਨਾ ਬੀਤ ਜਾਣ ਤੇ ਵੀ ਜਦੋਂ ਭਾਈ ਦਇਆ ਰਾਮ ਜੀ ਨੇ ਗੁਰੂ ਕੇ ਖਜ਼ਾਨੇ ਵਿਚੋਂ ਲਏ ਅਮਾਨਤ ਰੂਪੀ ਪੈਸੇ ਵਾਪਸ ਨਹੀਂ ਕੀਤੇ ਤਾਂ ਭਾਈ ਹਰਾ ਰਾਮ ਜੀ ਨੇ ਦਰਬਾਰ ਵਿਚ ਹਾਜ਼ਰ ਹੋਕੇ ਸਾਰੀ ਗੱਲ ਗੁਰੂ ਸਾਹਿਬ ਜੀ ਨੂੰ ਦੱਸੀ। ਜਾਣੀ ਜਾਣ ਸਤਿਗੁਰੂ ਜੀ ਨੇ ਭਾਈ ਦਇਆ ਰਾਮ ਜੀ ਨੂੰ ਬੁਲਾ ਲਿਆ। ਅਜੇ ਉਹ ਪਹੁੰਚ ਹੀ ਰਹੇ ਸਨ ਕਿ ਭਾਈ ਗੋਪਾਲ ਦਾਸ ਪਰਿਵਾਰ ਸਮੇਤ ਆਪਣੇ ਜਵਾਈ ਨੂੰ ਲੈ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਅਤੇ ਬੱਚੀ ਦੇ ਵਿਆਹ ਕਾਰਜ ਲਈ ਭੇਜੀ ਮਾਇਆ ਲਈ ਸ਼ੁਕਰਾਨਾ ਕਰਨ ਵਾਸਤੇ ਆ ਰਹੇ ਸਨ। ਇਹਨਾਂ ਸਾਰਿਆਂ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਨਵੀਂ ਜੋੜੀ ਨੇ ਆਸ਼ੀਰਵਾਦ ਲਿਆ। ਇੰਨੇ ਨੂੰ ਭਾਈ ਦਇਆ ਰਾਮ ਜੀ ਵੀ ਆ ਗਏ। ਹਰਾ ਰਾਮ ਜੀ ਵੀ ਖੜੇ ਹਨ। ਭਾਈ ਗੋਪਾਲ ਦਾਸ ਜੀ ਬੋਲ ਰਹੇ ਸਨ, 'ਗੁਰੂ ਸਾਹਿਬ ਜੀ, ਆਪ ਜੀ ਦੀ ਕਿਰਪਾ ਨਾਲ ਆਪ ਵੱਲੋਂ ਭੇਜੀ ਮਾਇਆ ਨਾਲ ਹੀ ਕਾਰਜ ਸੰਪੂਰਨ ਹੋਇਆ ਹੈ। ਆਪ ਜੀ ਦਾ ਲੱਖ ਲੱਖ ਸ਼ੁਕਰ ਹੈ ਜੀ ਜੋ ਭਾਈ ਦਇਆ ਰਾਮ ਜੀ ਰਾਹੀਂ ਗੁਰੂ ਘਰ ਦੇ ਖਜ਼ਾਨੇ ਵਿਚੋਂ ਬੇਅੰਤ ਮਾਇਆ ਭੇਜ ਕੇ ਮੇਰੀ ਇਜ਼ਤ ਪੱਤ ਆਪ ਜੀ ਨੇ ਰੱਖ ਲਈ ਸੀ। ਇਹ ਸੱਭ ਕੁਝ ਵੇਖ ਸੁਣ ਕੇ ਭਾਈ ਦਇਆ ਰਾਮ ਜੀ ਵੀ ਸਮਝ ਚੁੱਕੇ ਸਨ ਕਿ ਭਾਈ ਹਰਾ ਰਾਮ ਜੀ ਨੇ ਮੇਰੀ ਸ਼ਿਕਾਇਤ ਕੀਤੀ ਹੈ। ਇਸ ਲਈ ਉਹਨਾਂ ਨੇ ਪਹਿਲਾਂ ਹੀ ਹੱਥ ਜੋੜ ਕੇ ਬੇਨਤੀ ਕੀਤੀ, ਦਾਤਾਰ ਜੀਓ, ਮੈਂ ਜਲਦੀ ਹੀ ਇਹ ਰਕਮ ਗੁਰੂ ਕੇ ਖਜ਼ਾਨੇ ਵਿਚ ਜਮਾਂ ਕਰਵਾ ਦਿਆਂਗਾ। ਆਪਣੇ ਖਾਲੀ ਸਮੇਂ ਵਿਚ ਮੈਂ ਬਾਹਰ ਮਜ਼ਦੂਰੀ ਕਰਨੀ ਸ਼ੁਰੂ ਕੀਤੀ ਹੋਈ ਹੈ ਜੀ। ਗੁਰੂ ਸਾਹਿਬ ਜੀ ਨੇ ਫੁਰਮਾਇਆ, "ਓ ਦਿਆ ਦੀ ਮੂਰਤ – ਭਾਈ ਦਇਆ ਰਾਮ ਜੀ, ਮਜ਼ਦੂਰੀਆਂ ਛੱਡੋ, ਮਜ਼ਬੂਰੀਆਂ ਲੱਭੋ। ਇਹੋ ਜਿਹੇ ਕਾਰਜਾਂ ਲਈ ਅਤੇ ਹੋਰ ਕਿਸੇ ਵੀ ਤਰ੍ਹਾਂ ਦੇ ਲੋੜਵੰਦਾਂ ਦੇ ਲਈ ਗੁਰੂ ਕੇ ਖਜ਼ਾਨੇ ਵਿਚੋਂ ਸੰਗਤਾਂ ਦੇ ਦਸਵੰਧ ਦੀ ਰਕਮ ਨੂੰ ਸਫ਼ਲ ਕਰਿਆ ਕਰੋ। ਖਜ਼ਾਨਚੀ ਭਾਈ ਹਰਾ ਰਾਮ ਜੀ ਨੂੰ ਹੁਕਮ ਕੀਤਾ, "ਦਇਆ ਰਾਮ ਜੀ ਜਿਤਨੇ ਵੀ ਪੈਸੇ ਮੰਗਣ ਇਹਨਾਂ ਨੂੰ ਦੇ ਦਿਆ ਕਰੋ। ਇਹ ਅਸਾਡਾ 'ਭਾਈ' ਹੈ"।

ਚਾਰ ਸਾਲ ਬਾਅਦ ਲਾਹੌਰ ਤੋਂ ਜੱਥਾ ਆਨੰਦਪੁਰ ਸਾਹਿਬ ਆਇਆ। ਜੱਥੇਦਾਰ ਭਾਈ ਹਰਨਾਮ ਦਾਸ ਜੀ ਨੇ ਭਾਈ ਦਇਆ ਰਾਮ ਜੀ ਨੂੰ ਮਾਤਾ ਪਿਤਾ ਦਾ ਸੁਨੇਹਾ ਦਿਤਾ ਕਿ ਗੁਰੂ ਸਾਹਿਬ ਜੀ ਤੋਂ ਆਗਿਆ ਲੈ ਕੇ ਕੁਝ ਸਮੇਂ ਲਈ ਘਰ ਆ ਜਾਓ। ਜਦੋਂ ਭਾਈ ਦਇਆ ਰਾਮ ਜੀ ਨੇ ਮਾਤਾ ਪਿਤਾ ਦੀ ਇੱਛਾ ਦੱਸ ਕੇ ਘਰ ਜਾਣ ਦੀ ਆਗਿਆ

ਮੰਗੀ ਤਾਂ ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਕਿ ਚਲੇ ਜਾਓ ਪਰ ਜਲਦੀ ਵਾਪਸ ਆ ਜਾਣਾ ਅਸਾਡਾ ਹੁਣ ਤੁਹਾਡੇ ਬਿਨਾ ਦਿਲ ਨਹੀਂ ਲੱਗਣਾ। ਗੁਰਮਤਿ ਦੀ ਪੜ੍ਹਾਈ ਦੀ ਸੇਵਾ, ਲੰਗਰ ਦੀ ਸੇਵਾ ਅਤੇ ਲੋੜਵੰਦਾ ਦੀ ਸੇਵਾ ਜੋ ਤੁਸੀਂ ਆਪਣੇ ਜ਼ਿੰਮੇ ਲਈ ਹੋਈ ਹੈ; ਉਹ ਕਿਸੇ ਗੁਰਸਿੱਖ ਨੂੰ ਸੰਭਾਲ ਕੇ ਜਾਣਾ ਤਾਂ ਕਿ ਕਿਸੇ ਸੇਵਾ ਵਿਚ ਵਿਘਨ ਨਾ ਪਵੇ।

ਗੁਰੂ ਸਾਹਿਬ ਤੋਂ ਆਗਿਆ ਲੈ ਕੇ ਭਾਈ ਦਇਆ ਰਾਮ ਜੀ ਜੱਥੇ ਦੇ ਨਾਲ ਵਾਪਸ ਆਪਣੇ ਘਰ ਲਾਹੌਰ ਆ ਗਏ। ਜਥੇਦਾਰ ਹਰਨਾਮ ਦਾਸ ਜੀ ਉਹਨਾਂ ਨੂੰ ਘਰ ਛੱਡਣ ਲਈ ਗਏ। ਘਰ ਦਾ ਬੂਹਾ ਖੜਕਾ ਕੇ ਆਵਾਜ਼ ਮਾਰੀ, ‘ਓ ਭਾਈ ਮਈਆ ਰਾਮ, ਓ ਭੈਣ ਸੋਭਾ, ਆਓ, ਦੇਖੋ– ਤੁਹਾਡਾ ਪੁੱਤਰ ਗੁਰੂ ਘਰ ਦੀ ਸੇਵਾ ਕਮਾ ਕੇ ਕਿਤਨਾ ਸੁੰਦਰ ਹੋ ਗਿਆ ਹੈ।’ ਮਾਤਾ ਜੀ ਨੂੰ ਚਾਅ ਚੜ੍ਹ ਗਿਆ। ਉਹ ਸ਼ਗਨ ਮਨਾਉਣ ਲਈ ਬਾਹਰ ਆਏ। ਸ਼ਗਨ ਮਨਾਉਂਦੀ ਮਾਤਾ ਦੇ ਚਰਨ ਸਪਰਸ਼ ਕੀਤੇ। ਅੰਦਰ ਜਾਕੇ ਪਿਤਾ ਜੀ ਦੇ ਚਰਨ ਸਪਰਸ਼ ਕਰਕੇ ਪੁੱਛਿਆ, ਘਰ ਵਿਚ ਖੁਸ਼ੀਆਂ ਦਾ ਮਾਹੌਲ ਹੈ? ਕੀ ਮੇਰੇ ਆਉਣ ਦੀ ਖੁਸ਼ੀ ਮਨਾ ਰਹੇ ਹੋ? ਮੈਂ ਤਾਂ ਅਨੰਦਾ ਦੀ ਪੁਰੀ ਤੋਂ ਅਤੇ ਗੁਰੂ ਸਾਹਿਬ ਜੀ ਤੋਂ ਵਿਛੜ ਕੇ ਉਦਾਸ ਹਾਂ। ਪਿਤਾ ਜੀ ਨੇ ਦੱਸਿਆ ਕਿ ਤੇਰੇ ਆਉਣ ਦੀ ਖੁਸ਼ੀ ਵੀ ਹੈ ਤੇ ਇਸ ਖੁਸ਼ੀ ਨੂੰ ਹੋਰ ਦੁੱਗਣਾ ਕਰ ਰਹੀ ਹੈ ਤੇਰੇ ਵਿਆਹ ਦੀ ਖੁਸ਼ੀ। ਤੇ ਇਸ ਖੁਸ਼ੀ ਨੂੰ ਚੌਗੁਨਾ ਕਰ ਰਹੀ ਹੈ ਇਹ ਗੱਲ ਕਿ ਜਿਸ ਪਰਿਵਾਰ ਨਾਲ ਤੇਰਾ ਰਿਸ਼ਤਾ ਜੁੜਨ ਜਾ ਰਿਹਾ ਹੈ ਉਹ ਵੀ ਗੁਰੂ ਘਰ ਨਾਲ ਜੁੜਿਆ ਹੋਇਆ ਹੈ। ਇਸ ਖੁਸ਼ੀ ਵਿਚ ਹੋਰ ਵਾਧਾ ਕਰ ਰਹੀ ਹੈ ਇਹ ਗੱਲ ਕਿ ਤੇਰੇ ਸਹੁਰਾ ਸਾਹਿਬ ਹਕੀਕਤ ਰਾਏ ਨੇ ਆਨੰਦਪੁਰ ਸਾਹਿਬ ਵਿਚ ਤੇਰੀ ਸੇਵਾ ਨੂੰ ਵੇਖ ਆਪਣੀ ਲੜਕੀ ਦੀ ਸ਼ਾਦੀ ਤੇਰੇ ਨਾਲ ਕਰਨ ਲਈ ਗੁਰੂ ਸਾਹਿਬ ਤੋਂ ਆਗਿਆ ਲੈ ਲਈ ਹੈ। ਹੋਰ ਖੁਸ਼ੀ ਦੀ ਗੱਲ ਇਹ ਕਿ ਉਹਨਾਂ ਨੂੰ ਤੇਰੀ ਦੱਸ ਪਾਈ ਹੈ, ਜਥੇਦਾਰ ਭਾਈ ਹਰਨਾਮ ਦਾਸ ਜੀ ਨੇ, ਜਿਹਨਾਂ ਨੇ ਤੈਨੂੰ ਗੁਰੂ ਸਾਹਿਬ ਜੀ ਨਾਲ ਮਿਲਾਇਆ ਸੀ। ਹੋਰ ਖੁਸ਼ੀ ਦੀ ਗੱਲ ਇਹ ਕਿ ਜਿਹੜੇ ਨਗਰ ਤੇਰਾ ਰਿਸ਼ਤਾ ਜੁੜਨ ਜਾ ਰਿਹਾ ਹੈ – ਡੇਰਾ ਚਾਹਲ। ਉਹ ਪਿੰਡ ਵੱਡੇ ਗੁਰੂ ਸਾਹਿਬ ਗੁਰੂ ਨਾਨਕ ਸਾਹਿਬ ਜੀ ਦਾ ਨਾਨਕਾ ਨਗਰ ਹੈ। ਯਾਨੀ ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ (ਉਹਨਾਂ ਦੇ ਪਿਤਾ ਦਾ ਘਰ)। ਇਹ ਪਿੰਡ ਲਾਹੌਰ  ਤੋਂ 35 ਮੀਲ ਦੂਰ ਹੈ” (ਹੁਣ ਪਾਕਿਸਤਾਨ ਵਿਚ)। ਜਥੇਦਾਰ ਭਾਈ ਹਰਨਾਮ ਦਾਸ ਜੀ ਬੋਲੇ, ਸਭ ਤੋਂ ਵੱਡੀ ਖੁਸ਼ੀ ਦੀ ਗੱਲ ਮੈਂ ਸੁਣਾਉਂਦਾ ਹਾਂ। ਭਾਈ ਦਇਆ ਰਾਮ ਦੇ ਵਿਆਹ ਦੀ ਤਰੀਕ ਗੁਰੂ ਸਾਹਿਬ ਜੀ ਨੇ ਮਿਥੀ ਹੈ– 25 ਮਈ 1684 ਈਸਵੀ – ਗੁਰੂ ਸਾਹਿਬ ਜੀ ਨੇ

ਫੁਰਮਾਇਆ ਸੀ, "ਮੇਰੇ ਭਾਈ ਅਤੇ ਅਸਾਡੀ ਸ਼ਾਦੀ ਇਕੋ ਦਿਨ ਹੋਵੇਗੀ।"

ਵਿਆਹ ਤੋਂ ਬਾਅਦ ਭਾਈ ਦਇਆ ਰਾਮ ਜੀ ਸਵਾ ਮਹੀਨਾ ਲਾਹੌਰ ਆਪਣੇ ਘਰ ਰਹੇ। ਇਹਨਾਂ ਦਿਨਾਂ ਵਿਚ ਪਰਿਵਾਰ ਅਤੇ ਰਿਸ਼ਤੇਦਾਰਾਂ ਸਮੇਤ ਬੀਬੀ ਦਿਆਲੀ ਜੀ ਨੂੰ ਲਾਹੌਰ ਵਿਚਲੇ ਸਾਰੇ ਗੁਰ - ਅਸਥਾਨਾਂ ਦੇ ਦਰਸ਼ਨ ਕਰਵਾਏ। ਭਾਈ ਦਇਆ ਰਾਮ ਜੀ ਨੇ ਗੁਰੂ ਘਰ ਵਿਚ ਆਪਣੇ ਬੀਤੇ ਸਮੇਂ ਦੀਆ ਬਾਤਾਂ ਸੁਣਾ ਸੁਣਾ ਕੇ ਬੀਬੀ ਦਿਆਲੀ ਜੀ ਦੇ ਮਨ ਵਿਚ ਗੁਰੂ ਘਰ ਅਤੇ ਗੁਰੂ ਸਾਹਿਬ ਲਈ ਅਥਾਹ ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਬਣਾ ਦਿੱਤੀ ਸੀ। ਸਵਾ ਮਹੀਨੇ ਬਾਅਦ ਸਾਰਾ ਪਰਿਵਾਰ ਕੁਝ ਰਿਸ਼ਤੇਦਾਰਾਂ ਅਤੇ ਸੰਗਤਾਂ ਸਮੇਤ ਮਿਸ਼ਠਾਨ ਪਦਾਰਥ ਲੈਕੇ ਆਨੰਦਪੁਰ ਸਾਹਿਬ ਪਹੁੰਚਿਆ। ਜਦੋਂ ਸੱਭ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਪ੍ਰਣਾਮ ਕਰਕੇ ਆਸ਼ੀਰਵਾਦ ਲਿਆ ਤਾਂ ਭਾਈ ਦਇਆ ਰਾਮ ਜੀ ਨੇ ਕਿਹਾ, 'ਗੁਰੂ ਸਾਹਿਬ ਜੀ, ਸਭ ਕਾਰਜ ਆਪ ਜੀ ਦੀ ਕਿਰਪਾ ਨਾਲ ਸੰਪੂਰਨ ਹੋਏ ਹਨ। ਪਰ ਮੇਰੇ ਮਨ ਦੀ ਇਕ ਭਾਵਨਾ ਅਧੂਰੀ ਹੈ ਕਿ ਆਪ ਜੀ ਮੇਰੀ ਸ਼ਾਦੀ ਵਿਚ ਨਹੀਂ ਆਏ ਅਤੇ ਮੈਂ ਆਪ ਜੀ ਦੀ ਸ਼ਾਦੀ ਵਿਚ ਨਹੀਂ ਆ ਸਕਿਆ। ਗੁਰੂ ਸਾਹਿਬ ਜੀ ਮੁਸਕਰਾਏ ਅਤੇ ਕਹਿਣ ਲਗੇ, "ਓ ਭਾਈ ਦਇਆ ਰਾਮ ਜੀ, ਜੇਕਰ ਅਸੀਂ ਤੁਹਾਡੀ ਸ਼ਾਦੀ ਵਿਚ ਸ਼ਾਮਲ ਹੋ ਜਾਂਦੇ ਤਾਂ ਅਸੀਂ ਇਹ ਰਸਮ ਨਾ ਅਦਾ ਕਰ ਸਕਦੇ ਜੋ ਹੁਣ ਕਰਨੀ ਹੈ" ਇਹ ਕਹਿ ਕੇ ਉਹਨਾਂ ਨੇ ਆਪਣੀ ਸੁਪਤਨੀ (ਮਾਤਾ) ਸੁੰਦਰੀ ਜੀ ਨੂੰ ਬੁਲਾਇਆ। ਮਾਤਾ ਜੀ ਦੋ ਸਿਰਪਾਓ ਲੈ ਕੈ ਆਏ। ਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਨੂੰ ਅਤੇ ਮਾਤਾ ਜੀ ਨੇ ਬੀਬੀ ਦਿਆਲੀ ਜੀ ਨੂੰ ਸਿਰਪਾਓ ਦੀ ਬਖਸ਼ਿਸ਼ ਕੀਤੀ। ਇਸ ਤੋਂ ਬਾਅਦ ਸਾਰੀ ਸੰਗਤ ਨੂੰ ਮਿਸ਼ਠਾਨ ਪਦਾਰਥ ਛਕਾਏ ਗਏ।

ਸੰਨ 1684 ਈਸਵੀ ਵਿਚ ਗੁਰੂ ਸਾਹਿਬ ਜੀ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਤੇ ਨਾਹਨ ਰਿਆਸਤ ਵਿਚ ਆਏ। ਹੋਰ ਸੰਗਤਾਂ ਦੇ ਨਾਲ ਭਾਈ ਦਇਆ ਰਾਮ ਜੀ ਵੀ ਗੁਰੂ ਸਾਹਿਬ ਜੀ ਦੇ ਨਾਲ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਹਾਜ਼ਰੀ ਵਿਚ ਸ੍ਰੀ ਨਗਰ ਦੇ ਰਾਜਾ ਫਤਿਹ ਚੰਦ ਅਤੇ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਸੁਲ੍ਹਾ ਕਰਵਾਈ। ਗੁਰੂ ਸਾਹਿਬ ਜੀ ਹਰ ਮੁੱਖ ਸਮੇਂ ਤੇ ਭਾਈ ਦਇਆ ਰਾਮ ਜੀ ਨੂੰ ਨਾਲ ਰੱਖਦੇ ਸਨ। ਸੰਨ 1687 ਈਸਵੀ ਤੱਕ ਗੁਰੂ ਜੀ ਨਾਹਨ ਰਿਆਸਤ ਵਿਚ ਰਹੇ। ਇਕ ਰਮਣੀਕ ਅਸਥਾਨ ਵੇਖ ਕੇ ਗੁਰੂ ਸਾਹਿਬ ਜੀ ਨੇ ਪਾਉਂਟਾ ਨਗਰ ਵਸਾਇਆ। ਇਥੇ ਹੀ ਗੁਰੂ ਸਾਹਿਬ ਜੀ ਵੱਲੋਂ ਜਾਪੁ ਸਾਹਿਬ, ਸਵੱਯੇ ਅਤੇ ਅਕਾਲ ਉਸਤਤ ਬਾਣੀ ਦੀ ਰਚਨਾ ਕੀਤੀ ਗਈ। ਇਥੇ ਹੀ ਗੁਰੂ ਸਾਹਿਬ ਜੀ ਨੂੰ ਪੀਰ ਬੁਧੂ ਸ਼ਾਹ ਜੀ ਪਰਿਵਾਰ

ਸਮੇਤ ਮਿਲਣ ਆਏ। ਗੁਰੂ ਸਾਹਿਬ ਜੀ ਦੇ ਨੂਰਾਨੀ ਚਿਹਰੇ ਅਤੇ ਆਪਣੀ ਅਧਿਆਤਮਕ ਸ਼ਕਤੀ ਨਾਲ ਗੁਰੂ ਸਾਹਿਬ ਜੀ ਵਿਚੋਂ 'ਅਲਾਹ' ਦਾ ਰੂਪ ਤੱਕਿਆ ਅਤੇ ਗੁਰੂ ਸਾਹਿਬ ਜੀ ਦੇ ਹੀ ਹੋ ਕੇ ਰਹਿ ਗਏ। ਇਥੇ ਹੀ ਪੀਰ ਬੁੱਧੂ ਸ਼ਾਹ ਨੇ ਆਪਣੇ ਮੁਰੀਦ ਪੰਜ ਪਠਾਣ ਜਰਨੈਲਾਂ ਨੂੰ ਪੇਸ਼ ਕਰਕੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਇਹ 100 – 100 ਪਠਾਣਾਂ ਦੇ ਜੱਥਿਆਂ ਦੇ ਮੁਖੀ ਹਨ। ਇਹਨਾਂ ਨੂੰ ਔਰੰਗਜ਼ੇਬ ਨੇ ਧਾਰਮਿਕ ਕੱਟੜ ਪੁਣੇ ਕਰਕੇ ਆਪਣੀ ਫੌਜ ਵਿਚੋਂ ਕੱਢ ਦਿੱਤਾ ਹੈ। ਇਤਿਹਾਸ ਵਿਚ ਇਹਨਾਂ ਪੰਜ ਜਰਨੈਲਾਂ ਦੇ ਨਾਮ ਆਏ ਹਨ – ਭੀਖਣ ਖਾਂ, ਨਜਾਬਤ ਖਾਂ, ਹਯਾਤ ਖਾਂ, ਉਮਰ ਖਾਂ ਅਤੇ ਕਾਲੇ ਖਾਂ। ਪੀਰ ਜੀ ਨੇ ਕਿਹਾ, 'ਇਹ ਮੇਰੇ ਮੁਰੀਦ ਹਨ। ਤੁਸੀਂ ਕਿਰਪਾ ਕਰਕੇ ਇਹਨਾਂ ਨੂੰ ਆਪਣੀ ਫੌਜ ਵਿਚ ਭਰਤੀ ਕਰ ਲਵੋ'। ਜਦੋਂ ਇਹ ਪੰਜੇ ਪਠਾਣ ਜਰਨੈਲ ਬਾਹਰ ਚਲੇ ਗਏ ਤਾਂ ਭਾਈ ਦਇਆ ਰਾਮ ਜੀ ਨੇ ਗੁਰੂ ਸਾਹਿਬ ਜੀ ਕੋਲ ਸ਼ੱਕ ਜਾਹਿਰ ਕੀਤਾ ਕਿ ਇਕ ਕਾਲੇ ਖਾਂ ਤੋਂ ਇਲਾਵਾ ਬਾਕੀ ਜਰਨੈਲਾਂ ਦੀ ਨੀਅਤ ਠੀਕ ਨਹੀਂ ਜਾਪਦੀ। ਪਰ ਪੀਰ ਬੁੱਧੂ ਸ਼ਾਹ ਨੇ ਸਾਰਿਆਂ ਦੀ ਜ਼ਾਮਨੀ ਭਰੀ ਅਤੇ ਪੰਜ ਸੌ ਪਠਾਣਾਂ ਨੂੰ ਗੁਰੂ ਸਾਹਿਬ ਜੀ ਦੀ ਫੌਜ ਵਚ ਭਰਤੀ ਕਰਵਾ ਦਿੱਤਾ। ਪੀਰ ਜੀ ਦੇ ਜਾਣ ਤੋਂ ਬਾਅਦ ਭਾਈ ਦਇਆ ਰਾਮ ਜੀ ਨੇ ਇਕ ਵਾਰ ਫਿਰ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਕੋਲ ਬਿਨਾਂ ਤਨਖਾਹ ਤੋਂ ਲੜਨ ਵਾਲੇ ਹਜ਼ਾਰਾਂ ਸਿੱਖ ਮਰਜੀਵੜੇ ( ਮਰ ਮਿਟਣ ਵਾਲੇ ਸਿੰਘ ) ਹਨ ਫਿਰ ਇਹਨਾਂ ਸ਼ੱਕੀ ਪਠਾਣਾਂ ਨੂੰ ਤਨਖਾਹ ਤੇ ਰੱਖਣ ਦੀ ਕੀ ਲੋੜ ਹੈ? ਜਾਣੀ ਜਾਣ ਸਤਿਗੁਰੂ ਜੀ ਪਵਿੱਤਰ ਮੁੱਖ ਤੋਂ ਕਹਿਣ ਲੱਗੇ, "ਭਾਈ ਦਇਆ ਰਾਮ, ਤੂੰ ਆਪ ਸੱਚਾ ਹੈਂ, ਤੇਰੇ ਹਿਰਦੇ ਵਿਚ ਸੱਚ ਹੈ, ਇਸੇ ਲਈ ਤੂੰ ਸੱਚ ਨੂੰ ਪਛਾਣ ਲਿਆ ਹੈ। ਅਸੀਂ ਵੀ ਸੱਭ ਕੁਝ ਜਾਣਦੇ ਹਾਂ। ਕੇਵਲ ਕਾਲੇ ਖਾਂ ਹੀ ਵਫ਼ਾਦਾਰ ਹੈ। ਪਰ ਵੱਡੇ ਸਤਿਗੁਰੂ ਜੀ ਦਾ ਫ਼ੁਰਮਾਨ ਹੈ, "ਜੋ ਸਰਨ ਆਵੇ ਤਿਸ ਕੰਠ ਲਾਵੇ"। ਦੂਸਰਾ, ਇਹ ਲੋੜਵੰਦ ਹਨ, ਜੇਕਰ ਹੁਣ ਗੁਰੂ ਘਰ ਸਹਾਰਾ ਨਾ ਬਣਦਾ ਤਾਂ ਇਹਨਾਂ ਦੇ ਪਰਿਵਾਰ ਭੁੱਖਣ ਭਾਣੇ ਹੀ ਸੌਂਇਆ ਕਰਦੇ। ਤੀਸਰਾ, ਭੋਲੇ ਪੀਰ ਬੁਧੂ ਸ਼ਾਹ ਜੀ ਨੂੰ ਵੀ ਕੁਝ ਦੁਨੀਆਂ ਦਾਰੀ ਸਿਖਾਉਣੀ ਹੈ, ਅਧਿਆਤਮਵਾਦ ਵਿਚ ਵੀ ਐਂਵੇਂ ਹਰ ਕਿਸੇ ਨੂੰ ਮੁਰੀਦ ਨਹੀਂ ਬਣਾ ਲਈਦਾ"।

ਅਜੇ ਚਾਰ ਕੁ ਮਹੀਨੇ ਹੀ ਬੀਤੇ ਸਨ, ਕਿ ਪਠਾਣ ਕਾਲੇ ਖਾਂ ਨੇ ਪੀਰ ਜੀ ਨੂੰ ਇਕ ਪੱਤਰ ਲਿਖਿਆ "ਮੇਰੇ ਮੁਰਸ਼ਦ, ਸਲਾਮ ਅਰਜ਼ ਹੈ। ਆਪਜੀ ਨੂੰ ਪਠਾਣਾਂ ਬਾਰੇ ਜਾਣਕਾਰੀ ਹੈ। ਕੁੱਝ ਦਿਨ ਪਹਿਲਾਂ ਹਯਾਤ ਖਾਂ ਨੇ ਸਾਨੂੰ ਦੱਸਿਆ ਕਿ ਰਾਜੇ ਭੀਮ ਚੰਦ ਨੇ ਆਪਣੇ ਵਜ਼ੀਰ ਰਾਹੀਂ ਗੁਰੂ ਜੀ ਤੋਂ ਵੱਧ ਤਨਖਾਹ ਦੇਣ ਦੀ ਪੇਸ਼ਕਸ਼ ਕੀਤੀ ਹੈ ਅਤੇ ਇਹ ਵੀ ਕਿਹਾ ਕਿ ਗੁਰੂ ਜੀ ਕੋਈ ਰਾਜੇ ਤਾਂ ਹੈ ਨਹੀਂ ਜੋ ਤੁਹਾਨੂੰ ਪੱਕੇ ਤੌਰ ਤੇ ਰੱਖ

ਲੈਣਗੇ। ਉਸਨੇ ਇਹ ਵੀ ਲਾਲਚ ਦਿੱਤਾ ਕਿ ਜੇਕਰ ਤੁਸੀਂ ਸਾਡੇ ਨਾਲ ਰਲ ਜਾਂਦੇ ਹੋ ਤਾਂ ਗੁਰੂ ਜੀ ਤੇ ਹਮਲਾ ਕਰਕੇ ਜਿੱਤ ਪੱਕਾ ਸਾਡੀ ਹੀ ਹੋਵੇਗੀ। ਉਹਨਾਂ ਦਾ ਮਾਲ ਖਜ਼ਾਨਾ ਵੀ ਤੁਹਾਨੂੰ ਇਨਾਮ ਦੇ ਤੌਰ ਤੇ ਦਿੱਤਾ ਜਾਵੇਗਾ। ਇਸ ਲਈ ਆਪਾਂ ਸਾਰੇ ਗੁਰੂ ਜੀ ਤੋਂ ਘਰ ਜਾਣ ਦੇ ਬਹਾਨੇ ਤਨਖਾਹਾਂ ਅਤੇ ਕੁਝ ਪੇਸ਼ਗੀ ਰਕਮ (ਐਡਵਾਂਸ) ਲੈ ਕੇ ਭੀਮ ਚੰਦ ਦੀ ਫੌਜ ਵਿਚ ਭਰਤੀ ਹੋ ਜਾਂਦੇ ਹਾਂ। ਕਿਉਂਕਿ ਮੈਂ ਉਹਨਾਂ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਹੈ ਅਤੇ ਉਹ ਗੁਰੂ ਜੀ ਤੋਂ ਤਨਖਾਹਾਂ ਅਤੇ ਪੇਸ਼ਗੀ ਰਕਮਾਂ ਲੈਕੇ ਜਾ ਚੁੱਕੇ ਹਨ। ਇਸ ਲਈ ਫੌਜੀ ਨੀਤੀ ਅਨੁਸਾਰ ਯੁੱਧ ਤਾਂ ਪੱਕਾ ਹੈ। ਗੁਰੂ ਜੀ ਨਾਲ ਧੋਖਾ ਹੋ ਚੁਕਿਆ ਹੈ, ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਆਪਣੇ ਮੁਰੀਦਾਂ ਨਾਲ ਜਿੰਨੀ ਛੇਤੀ ਹੋ ਸਕੇ, ਗੁਰੂ ਜੀ ਕੋਲ ਪਹੁੰਚ ਜਾਓ।

ਪੀਰ ਜੀ ਆਪਣੇ ਚਾਰ ਪੁੱਤਰਾਂ, ਦੋ ਭਰਾਵਾਂ ਅਤੇ 700 ਮੁਰੀਦਾਂ (ਚੇਲਿਆਂ) ਨੂੰ ਲੈਕੇ ਗੁਰੂ ਜੀ ਕੋਲ ਆ ਗਏ। ਆ ਕਰਕੇ ਉਹਨਾਂ ਨੇ ਗੁਰੂ ਸਾਹਿਬ ਜੀ ਤੋਂ ਮੁਆਫ਼ੀ ਮੰਗੀ। ਗੁਰੂ ਸਾਹਿਬ ਜੀ ਨੇ ਮੁਸਕਰਾ ਕੇ ਕਿਹਾ, "ਪੀਰ ਜੀ, ਅਸਾਨੂੰ ਇਸ ਬਾਰੇ ਪਹਿਲਾਂ ਹੀ ਪਤਾ ਸੀ। ਪਰ ਉਸ ਸਮੇਂ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਆਪਣਾ ਫ਼ਰਜ਼ ਨਿਭਾਇਆ ਸੀ। ਇਹ ਸਾਡਾ ਫ਼ਰਜ਼ ਸੀ ਜੋ ਅਸੀਂ ਪੂਰਾ ਕੀਤਾ। ਯੁੱਧ ਨੇੜੇ ਵੇਖਦੇ ਹੋਏ ਗੁਰੂ ਸਾਹਿਬ ਜੀ ਨੇ ਵੀ ਆਪਣੇ ਸਿੱਖਾਂ ਨੂੰ ਸ਼ਸਤਰਾਂ ਸਮੇਤ ਬੁਲਾ ਕੇ ਪੂਰੀ ਤਿਆਰੀ ਕਰ ਰੱਖੀ ਸੀ। ਪਹਾੜੀ ਰਾਜਿਆਂ ਦੇ ਪਹਿਲ ਕਰਨ ਤੇ ਗੁਰੂ ਸਾਹਿਬ ਜੀ ਨੂੰ ਭੰਗਾਣੀ ਦਾ ਯੁੱਧ ਕਰਨਾ ਪਿਆ। ਯੁੱਧ ਦੇ ਇਤਹਾਸ ਦੇ ਵਿਚ ਨਾ ਜਾਕੇ ਕੇਵਲ ਜ਼ਰੂਰੀ ਪੱਖ ਹੀ ਦਰਜ ਕਰ ਰਹੇ ਹਾਂ। ਇਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ ਕੇਵਲ 21 ਸਾਲ ਅਤੇ ਭਾਈ ਦਇਆ ਰਾਮ ਜੀ ਦੀ ਉਮਰ 19 ਸਾਲ ਦੀ ਹੈ। ਇਹ ਯੁੱਧ ਇਤਨਾ ਘਮਸਾਨ ਦਾ ਹੋਇਆ ਕਿ ਇਸ ਵਿਚ ਪਹਾੜੀ ਰਾਜਿਆਂ ਦੀ ਫੌਜ ਵਿਚੋਂ ਰਾਜਾ ਹਰੀ ਚੰਦ, ਉਹਨਾਂ ਵਲੋਂ ਕਪਟ ਖੇਡ ਕੇ ਆਪਣੇ ਨਾਲ ਰਲਾਏ ਗਏ ਜਰਨੈਲਾਂ ਵਿਚੋਂ ਹਯਾਤ ਖਾਂ ਅਤੇ ਨਜਾਬਤ ਖਾਂ ਮਾਰੇ ਗਏ। ਅਨੇਕਾਂ ਸੈਨਿਕ ਮਾਰੇ ਗਏ। ਗੁਰੂ ਸਾਹਿਬ ਜੀ ਵਲੋਂ ਜੰਗ ਵਿਚ ਲੜੇ ਪੀਰ ਬੁੱਧੂ ਸ਼ਾਹ ਦਾ ਇਕ ਭਰਾ, ਦੋ ਪੁੱਤਰ ਅਤੇ ਕਈ ਮੁਰੀਦ ਸ਼ਹੀਦ ਹੋਏ। ਗੁਰੂ ਸਾਹਿਬ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੁੱਤਰ ਭਾਈ ਸੰਗੋ ਸ਼ਾਹ ਅਤੇ ਭਾਈ ਜੀਤ ਮੱਲ ਜੀ ਸ਼ਹੀਦ ਹੋਏ। ਗੁਰੂ ਸਾਹਿਬ ਜੀ ਦੇ ਦੇ ਬਿਨਾਂ ਤਨਖਾਹ ਤੋਂ ਲੜਨ ਵਾਲੇ ਕਈ ਮਰਜੀਵੜੇ ਵੀ ਸ਼ਹੀਦ ਹੋ ਗਏ। ਗੁਰੂ ਸਾਹਿਬ ਜੀ ਦੀ ਅਗਵਾਈ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਜਿਹਨਾਂ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਦੇ ਕਹਿਣ ਤੇ ਪਠਾਣਾਂ ਨੂੰ ਗੁਰੂ ਸਾਹਿਬ ਜੀ ਤੋਂ ਤੋੜ ਕੇ ਆਪਣੀ ਜਿੱਤ ਪੱਕੀ ਸਮਝੀ ਸੀ, ਉਹ ਮੂੰਹ ਦੀ ਖਾ ਕੇ ਅੰਦਰ ਹੀ ਅੰਦਰ ਵਿਸ਼ ਘੋਲਦੇ ਹੋਏ ਵਾਪਸ ਚਲੇ

ਗਏ। ਅਗਲੇ ਦਿਨ ਗੁਰੂ ਜੀ ਨੇ ਸੱਭ ਨੂੰ ਸਿਰਪਾਓ ਦਿੱਤੇ। ਭਾਈ ਦਇਆ ਰਾਮ ਜੀ ਦੀ ਅਗਵਾਈ ਵਿਚ ਸਿਖਾਂ ਨੇ ਗੁਰੂ ਸਾਹਿਬ ਜੀ ਨੂੰ ਜਿੱਤ ਦੀ ਵਧਾਈ ਦਿੱਤੀ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਇਹ ਜਿੱਤ ਸਾਡੀ ਨਹੀਂ ਸਗੋਂ ਇਹ ਜਿੱਤ ਤਾਂ ਖ਼ਾਲਸਾ ਜੀ ਦੀ ਹੈ। ਭਾਈ ਦਇਆ ਰਾਮ ਜੀ ਨੇ ਕਿਹਾ ਕਿ ਗੁਰੂ ਸਾਹਿਬ ਜੀ, ਖ਼ਾਲਸਾ ਵੀ ਤਾਂ ਆਪਜੀ ਦਾ ਹੀ ਹੈ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਨਹੀਂ, ਭਾਈ ਦਇਆ ਰਾਮ ਜੀ, ਖ਼ਾਲਸਾ ਵੀ ਵਾਹਿਗੁਰੂ ਜੀ ਦਾ ਹੈ। ਅਜਿਹਾ ਮੰਨਿਆਂ ਜਾਂਦਾ ਹੈ ਕਿ ਇਸੇ ਦਿਨ ਤੋਂ "ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥" ਦੇ ਜੈਕਾਰੇ ਦਾ ਜਨਮ




ਹੋਇਆ। ਗੁਰੂ ਸਾਹਿਬ ਜੀ ਨੇ ਪੀਰ ਬੁੱਧੂ ਸ਼ਾਹ ਜੀ ਨੂੰ ਕਿਹਾ ਕਿ ਅਸੀਂ ਆਪ ਜੀ ਤੇ ਬਹੁਤ ਪ੍ਰਸੰਨ ਹਾਂ। ਆਪ ਜੀ ਜੋ ਮੰਗੋਗੇ ਉਹੋ ਹੀ ਬਖਸ਼ ਦਿਆਂਗੇ। ਪੀਰ ਜੀ ਨੇ ਸੱਭ ਤੋਂ ਪਹਿਲਾਂ ਤਾਂ ਮੁਆਫ਼ੀ ਮੰਗੀ। ਫਿਰ ਗੁਰੂ ਜੀ ਦੇ ਦੁਬਾਰਾ ਕਹਿਣ ਤੇ ਕੇਸਾਂ ਸਮੇਤ ਕੰਘੇ ਦੀ ਮੰਗ ਕੀਤੀ। ਗੁਰੂ ਜੀ ਨੇ ਨਵਾਂ ਕੰਘਾ ਮੰਗਾ ਕੇ ਆਪਣੇ ਕੇਸਾਂ ਵਾਲਾ ਕੰਘਾ ਪੀਰ ਜੀ ਨੂੰ ਬਖਸ਼ ਦਿਤਾ। (ਇਸ ਕੰਘੇ ਦੇ ਅੱਜ ਕੱਲ ਅਸੀਂ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ, ਆਨੰਦਪੁਰ ਸਾਹਿਬ ਵਿਚ ਦਰਸ਼ਨ ਕਰ ਸਕਦੇ ਹਾਂ) ਇਸ ਸਾਰੇ ਘਟਨਾ ਕਰਮ ਤੋਂ

ਇਹ ਪੱਕਾ ਹੋ ਜਾਂਦਾ ਹੈ ਕਿ ਭਾਈ ਦਇਆ ਰਾਮ ਜੀ ਦੀ ਸੇਵਾ ਅਤੇ ਨਾਮ ਬਾਣੀ ਦੀ ਕਮਾਈ ਨਾਲ ਉਹਨਾਂ ਨੂੰ ਏਨੀ ਸੋਝੀ ਹੋ ਚੁੱਕੀ ਸੀ ਕਿ ਉਹਨਾਂ ਨੇ ਆਉਣ ਵਾਲਾ ਸਮਾਂ ਪਹਿਲਾਂ ਹੀ ਵੇਖ ਲਿਆ ਸੀ। ਗੁਰੂ ਸਾਹਿਬ ਜੀ ਦੀ ਉਹਨਾਂ ਉਪਰ ਅਪਾਰ ਕਿਰਪਾ ਸੀ।

ਭਾਈ ਦਇਆ ਰਾਮ ਜੀ ਦਾ 1687 ਈਸਵੀ ਤੋਂ 1698 ਈਸਵੀ ਤੱਕ ਦਾ 11 ਸਾਲ ਦਾ ਸਮਾਂ ਆਨੰਦਪੁਰ ਸਾਹਿਬ ਵਿਚ ਸੇਵਾ ਕਰਦਿਆਂ ਬਤੀਤ ਹੋਇਆ। ਇਸ ਸਮੇਂ ਦੌਰਾਨ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਉਹਨਾਂ ਨੇ ਗੁਰਮਤਿ ਦੀ ਪੜ੍ਹਾਈ, ਸ਼ਸਤਰ ਵਿਦਿਆ, ਘੋੜ ਸਵਾਰੀ ਅਤੇ ਨੇਜ਼ੇ ਬਾਜੀ ਵਿਚ ਮੁਹਾਰਤ ਹਾਸਲ ਕਰ ਲਈ ਹੋਈ ਸੀ। ਨਾਮ ਬਾਣੀ ਦੇ ਅਭਿਆਸ ਸਦਕਾ ਉਹਨਾਂ ਦੇ ਚਿਹਰੇ ਤੇ ਵੱਖਰੀ ਹੀ ਚਮਕ ਹੁੰਦੀ ਸੀ। ਉਹ ਸਤਿ, ਸੰਤੋਖ, ਦਇਆ, ਧਰਮ ਅਤੇ ਹਲੀਮੀ ਦੇ ਗੁਣਾਂ ਦੀ ਮੂਰਤ ਬਣ ਚੁੱਕੇ ਸਨ। ਗੁਰੂ ਸਾਹਿਬ ਜੀ ਤੇ ਅਥਾਹ ਭਰੋਸਾ ਸੀ। ਇਹਨਾਂ ਸੱਭ ਗੁਣਾ ਸਦਕਾ ਗੁਰੂ ਸਾਹਿਬ ਜੀ ਨੇ ਇਹਨਾਂ ਉਪਰ ਇਕ ਹੋਰ ਕਿਰਪਾ ਕੀਤੀ। ਉਹਨਾਂ ਨੂੰ ਆਪਣੇ ਅੰਗ ਰਖਿਅਕ ਪਹਿਰੇਦਾਰਾਂ ਦੀ ਟੁਕੜੀ ਵਿਚ ਸ਼ਾਮਲ ਕਰ ਲਿਆ। ਭੰਗਾਣੀ, ਹੁਸੈਨੀ ਅਤੇ ਨਾਦੌਣ ਦੇ ਯੁੱਧਾਂ ਤੋਂ ਬਾਅਦ ਅਤੇ ਪਹਾੜੀ ਰਾਜਿਆਂ ਦੀ ਈਰਖਾ ਕਰਕੇ ਗੁਰੂ ਸਾਹਿਬ ਜੀ ਨਾਲ ਹਰ ਸਮੇਂ 5-7 ਪਹਿਰੇਦਾਰ ਰਹਿੰਦੇ ਸਨ। ਇਹਨਾਂ ਪਹਿਰੇਦਾਰਾਂ ਨੂੰ ਚੁਸਤ ਦਰੁਸਤ ਰੱਖਣ ਲਈ ਅਭਿਆਸ ਕਰਾਉਣ ਦੀ ਜ਼ਿੰਮੇਵਾਰੀ ਵੀ ਭਾਈ ਦਇਆ ਰਾਮ ਜੀ ਨੂੰ ਸੌਂਪ ਦਿੱਤੀ ਹੋਈ ਸੀ। ਪਹਿਲਾਂ ਇਹ ਅਭਿਆਸ ਗੁਰੂ ਸਾਹਿਬ ਜੀ ਆਪ ਕਰਵਾਇਆ ਕਰਦੇ ਸਨ।

ਇਸ ਸਮੇਂ ਦੌਰਾਨ ਭਾਈ ਦਇਆ ਰਾਮ ਜੀ ਘਰ ਦੋ ਪੁੱਤਰ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ। ਜਿਹਨਾਂ ਦੇ ਨਾਮ ਅਤੇ ਉਮਰ 1698 ਈਸਵੀ ਤੱਕ ਹੇਠ ਅਨੁਸਾਰ ਹੈ:

| | | |
|---|---|---|
| 1. | ਪੁੱਤਰ ਜਵਾਹਰ ਜੀ | ਉਮਰ 12 ਸਾਲ |
| 2. | ਪੁੱਤਰ ਕਿਰਪਾਲ ਜੀ | ਉਮਰ 10 ਸਾਲ |
| 3. | ਪੁੱਤਰੀ ਮਨੰਤ ਜੀ | ਉਮਰ 8 ਸਾਲ |
| 4. | ਪੁੱਤਰੀ ਆਨੰਦ ਜੀ | ਉਮਰ 6 ਸਾਲ |

ਗੁਰੂ ਸਾਹਿਬ ਜੀ ਨੇ 1699 ਈਸਵੀ ਦੀ ਵਿਸਾਖੀ ਨੂੰ ਆਪਣੇ ਸਾਰੇ ਸਿੱਖਾਂ ਨੂੰ ਇਕ ਅਨੋਖਾ ਰੂਪ ਦੇਣ ਦਾ ਫੈਸਲਾ ਕੀਤਾ ਹੋਇਆ ਸੀ। ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਰਹਿ ਰਹੇ ਸਨ, ਉਥੇ ਹੁਕਮਨਾਮੇ ਭੇਜੇ ਗਏ, ਜਿਹਨਾਂ ਦੀ ਭਾਸ਼ਾ ਕੁਝ ਇਸ ਤਰ੍ਹਾਂ ਦੀ ਸੀ, "ਇਸ ਸਾਲ ਵਿਸਾਖੀ ਵਾਲੇ ਦਿਨ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ

ਨੂੰ ਇਕ ਨਵੀਂ ਪਹਿਚਾਣ ਦਿੱਤੀ ਜਾਣੀ ਹੈ। ਇਸ ਲਈ ਬੇਨਤੀ ਹੈ ਕਿ ਸਾਰੀ ਸੰਗਤ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਵਿਖੇ ਹਾਜ਼ਰ ਹੋਣ ਦੀ ਕਿਰਪਾਲਤਾ ਕਰੇ"। ਗੁਰੂ ਸਾਹਿਬ ਜੀ ਦੇ ਹੁਕਮਾਂ ਤੇ ਫੁੱਲ ਚੜ੍ਹਾਂਉਂਦੀਆਂ ਸੰਗਤਾਂ ਮਿਥੇ ਹੋਏ ਦਿਨ ਤੋਂ ਪਹਿਲਾਂ ਹੀ ਸ੍ਰੀ ਆਨੰਦਪੁਰ ਸਾਹਿਬ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਇਕੱਠੀ ਹੋਈ ਸੰਗਤ ਵਿਚ ਇਹ ਗੱਲ ਆਮ ਸੀ ਕਿ ਚੋਜੀ ਪ੍ਰੀਤਮ ਜੀ ਇਸ ਵਿਸਾਖੀ ਤੇ ਕੋਈ ਚੋਜ ਵਰਤਾਉਣਗੇ। ਪਰ ਕਿਹੜਾ? ਇਸ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ। ਕਈ ਗੁਣੀ ਬ੍ਰਹਮ ਗਿਆਨੀ ਲੋਕ ਇਹ ਅੰਦਾਜ਼ ਲਗਾ ਰਹੇ ਸਨ ਕਿ 1469 ਈਸਵੀ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਲੈਕੇ 1699 ਈਸਵੀ ਦੀ ਵਿਸਾਖੀ ਤਕ 240 ਸਾਲ ਵਿਚ ਸਿੱਖੀ ਦਾ ਜੋ ਮਹੱਲ ਤਿਆਰ ਹੋਇਆ ਹੈ, ਉਸ ਦਾ ਰੰਗ ਰੋਗਨ ਕਰਕੇ ਉਦਘਾਟਨ ਕੀਤਾ ਜਾਵੇਗਾ।

30 ਮਾਰਚ 1699 ਵਿਸਾਖੀ ਦਾ ਦਿਨ ਆਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਸਜੇ ਦੀਵਾਨ ਵਿਚ ਸੰਗਤਾਂ ਅੰਮ੍ਰਿਤ ਵੇਲੇ ਤੋਂ ਹੀ ਜੁੜੀਆਂ ਹੋਈਆਂ ਹਨ। ਲੱਗਭੱਗ 80,000 ਸੰਗਤਾਂ ਦਾ ਇਕੱਠ ਹੈ। ਗੁਰੂ ਸਾਹਿਬ ਜੀ ਤਖ਼ਤ ਸਾਹਿਬ ਉਪਰ ਸੁਭਾਇਮਾਨ ਹਨ। ਪੋਥੀ ਸਾਹਿਬ ਪ੍ਰਕਾਸ਼ਮਾਨ ਹਨ। ਪੰਜਾਂ ਬਾਣੀਆਂ ਦੇ ਨਿੱਤਨੇਮ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ। ਗੁਰੂ ਸਾਹਿਬ ਜੀ ਬਹੁਤ ਆਨੰਦ ਮਈ ਅਵਸਥਾ ਵਿਚ ਕੀਰਤਨ ਸਰਵਣ ਕਰ ਰਹੇ ਹਨ। ਵਿਚ ਵਿਚ ਆਪ ਖੁਦ ਵੀ ਸਲੋਕਾਂ ਦਾ ਗਾਇਨ ਕਰਦੇ। ਆਸਾ ਜੀ ਦੀ ਵਾਰ ਦੇ ਸੰਪੂਰਨ ਕੀਰਤਨ ਤੋਂ ਉਪਰੰਤ ਅਨੰਦ ਸਾਹਿਬ ਜੀ ਦੀਆਂ 6 ਪਉੜੀਆਂ ਦਾ ਕੀਰਤਨ ਹੋਇਆ। ਅੱਜ ਗੁਰੂ ਸਾਹਿਬ ਜੀ ਨੇ ਅਰਦਾਸ ਆਪ ਕੀਤੀ। ਚੰਡੀ ਦੀ ਵਾਰ ਦੇ 'ਪ੍ਰਿਥਮ ਭਗੌਤੀ ਸਿਮਰ ਕੈ" ਦੇ ਮੰਗਲਾ ਚਰਨ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਜੋ ਬੇਨਤੀਆਂ ਅਰਦਾਸ ਵਿਚ ਕੀਤੀਆਂ, ਉਹਨਾਂ ਦਾ ਜ਼ਿਕਰ 'ਸਰਬ ਲੋਹ ਗ੍ਰੰਥ' ਵਿਚ ਦਰਜ ਹੈ, ਜਿਸ ਦਾ ਵਾਰਤਕ ਰੂਪ ਇਸ ਤਰਾਂ ਹੈ:

"ਹੇ ਅਕਾਲ ਪੁਰਖ ਜੀ, ਮੇਰੀ ਬੇਨਤੀ ਹੈ ਕਿ ਜੋ ਇੱਛਾ ਮੇਰੇ ਹਿਰਦੇ ਵਿਚ ਆਪ ਜੀ ਦੀ ਕਿਰਪਾ ਨਾਲ ਪ੍ਰਗਟ ਹੋਈ ਹੈ, ਉਸ ਨੂੰ ਪੂਰਾ ਕਰ ਦੇਵੋ ਜੀ"

"ਹੇ ਅਕਾਲ ਪੁਰਖ ਜੀ, ਆਗਿਆ ਦੇਵੋ ਕਿ ਪਾਵਨ – ਪਵਿਤਰ ਪੰਥ ਖਾਲਸਾ ਸਾਜਿਆ ਜਾਵੇ"

"ਹੇ ਅਕਾਲ ਪੁਰਖ ਪ੍ਰਮਾਤਮਾ ਜੀ, ਆਪ ਜੀ ਦੀ ਮੌਜ ਨਾਲ ਇਹ ਖ਼ਾਲਸੇ ਦੀ ਫੌਜ ਤਿਆਰ ਕਰਨੀ ਹੈ। ਆਪਣੇ ਖਾਲਸੇ ਦੇ ਸਦਾ ਅੰਗ ਸੰਗ ਰਹਿ ਕੇ ਆਪਣੀ ਰਜ਼ਾ

ਵਿਚ ਜੀਵਨ ਬਤੀਤ ਕਰਨ ਦਾ ਬਲ ਬਖ਼ਸ਼ੋ ਜੀ। ”

"ਹੇ ਅਕਾਲ ਪੁਰਖ ਜੀ, ਹੁਕਮ ਦੇਵੋ ਜੀ ਕਿ ਆਤਮ ਗਿਆਨ ਵਾਲਾ ਖ਼ਾਲਸਾ ਸਾਜਿਆ ਜਾ ਸਕੇ"।

"ਹੇ ਅਕਾਲ ਪੁਰਖ ਜੀ, ਮੈਂ ਆਪ ਜੀ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਇਸ ਪੰਥ ਨੂੰ ਚਲਾਉਣ ਲਈ ਮੇਰੀ ਸਹਾਇਤਾ ਕਰਨਾ ਜੀ"

"ਹੇ ਅਕਾਲ ਪੁਰਖ ਜੀ, ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਸਰਬਤ ਸੰਗਤ ਨੇ ਮਿਲ ਕੇ ਪੰਜਾਂ ਬਾਣੀਆਂ ਦੇ ਜਾਪ ਕੀਤੇ ਹਨ। ਆਸਾ ਦੀ ਵਾਰ ਦਾ ਕੀਰਤਨ ਹੋਇਆ ਹੈ। ਬਾਣੀ ਪੜਦਿਆਂ ਸੁਣਦਿਆਂ ਸੰਗਤ ਕੋਲੋਂ ਜੋ ਭੁੱਲਾਂ ਹੋਈਆਂ ਹਨ, ਉਹਨਾਂ ਦੀ ਖਿਮਾਂ ਬਖਸ਼ਣੀ ਜੀ"

"ਹੇ ਅਕਾਲ ਪੁਰਖ ਜੀਓ, ਆਪ 'ਪੋਥੀ ਪ੍ਰਮੇਸ਼ਰ ਕਾ ਥਾਨ' ਵਿਚੋਂ ਹੁਕਮਨਾਮੇ ਦੀ ਬਖਸ਼ਿਸ਼ ਕਰੋ ਜੀ। ਹੁਕਮ ਤੇ ਚੱਲਣ ਦਾ ਬਲ ਬਖਸ਼ੋ ਜੀ"

"ਹੇ ਅਕਾਲ ਪੁਰਖ ਜੀ, ਆਪ ਜੀ ਦੀ ਹਜ਼ੂਰੀ ਵਿਚ ਆਈਆਂ ਹੋਈਆਂ ਸੰਗਤਾਂ ਦੀਆਂ ਭੇਟਾਵਾਂ ਪਰਵਾਨ ਕਰੋ ਜੀ। ਪਵਿਤਰ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਿਰ ਹੈ, ਆਪ ਛਕੋ ਜੀ ਅਤੇ ਸੰਗਤਾਂ ਨੂੰ ਖੁੱਲੇ ਗੱਫ਼ੇ ਵਰਤਾਉਣ ਦੀ ਆਗਿਆ ਬਖਸ਼ੋ ਜੀ। ਆਪ ਜੀ ਦੇ ਦਰ ਤੇ ਜੋ ਆਵੇ ਸੋ ਰਾਜ਼ੀ ਜਾਵੇ, ਕਲਾ ਵਾਹਿਗੁਰੂ ਜੀ ਦੀ ਵਰਤੇ, ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥ ”

ਅਰਦਾਸ ਤੋਂ ਬਾਅਦ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਭਾਈ ਰਾਮ ਕੁਇਰ ਜੀ (ਜੋ ਇਸ ਦਿਨ ਬਾਅਦ ਵਿਚ ਅੰਮ੍ਰਿਤ ਛਕ ਕੇ ਭਾਈ ਗੁਰਬਖਸ਼ ਸਿੰਘ ਬਣੇ), ਨੇ ਪੋਥੀ ਸਾਹਿਬ ਵਿਚੋਂ ਹੁਕਮਨਾਮਾ ਲਿਆ। ਅਕਾਲ ਪੁਰਖ ਜੀ ਨੇ ਹੁਕਮਨਾਮੇ ਦੀ ਬਖ਼ਸ਼ਿਸ਼ ਕੀਤੀ:

*ਧਨਾਸਰੀ ਮਹਲਾ ੫* (ਪਾਵਨ ਅੰਗ 679)

*ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮੁ ਜਿਣੈ ਸਗਲ ਵਸਿ ਤਾਕੈ ਜਾ ਕਾ ਸਤਿਗੁਰ ਪੂਰਾ॥੧॥*

ਹੁਕਮ ਨਾਮੇ ਦੀ ਸੰਪੂਰਨਤਾ ਤੋਂ ਬਾਅਦ ਗੁਰੂ ਸਾਹਿਬ ਜੀ ਉਠੇ। ਹਜ਼ੂਰ ਪਾਤਸ਼ਾਹ ਦਾ ਜਾਹੋ ਜਲਾਲ (ਚੇਹਰੇ ਦਾ ਨੂਰ) ਅੱਜ ਨਿਰਾਲਾ ਹੀ ਸੀ। ਦਸਤਾਰ ਉਪਰ ਸੁਨਿਹਰੀ ਚੱਕਰ, ਮੱਥੇ ਜਿਗਾ ਤੇ ਹੀਰਿਆਂ ਜੜੀ ਕਲਗੀ, ਨੇਤਰ ਬੀਰ ਰਸ ਵਿਚ ਸੁਰਖ, ਚਿਹਰਾ ਰੋਹ ਵਿਚ ਕੁਝ ਤਣਿਆ ਹੋਇਆ। ਇਕ ਦਮ ਗੁਰੂ ਸਾਹਿਬ ਜੀ ਨੇ ਗਾਤਰੇ ਵਿਚ ਸਜੀ ਕਿਰਪਾਨ ਧੂਹ ਕਰ ਕੇ ਬਾਹਰ ਖਿੱਚੀ। ਕਿਰਪਾਨ ਵੱਲ ਵੇਖ ਕੇ

ਉੱਚੀ ਬੀਰ ਰਸੀ ਆਵਾਜ਼ ਵਿਚ ਕਹਿਣਾ ਕੀਤਾ:

*ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰ ਤੀਰ॥*
*ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗ ਬੀਰ॥* (ਬਾਣੀ ਸ੍ਰੀ ਦਸਮ ਗ੍ਰੰਥ ਜੀ)

ਫਿਰ ਸੰਗਤ ਨੂੰ ਸੰਬੋਧਨ ਕਰਕੇ ਬੋਲੇ, "ਗੁਰੂ ਨਾਨਕ ਨਾਮ ਲੇਵਾ ਸੰਗਤ ਜੀ; ਸਾਨੂੰ ਇਕ ਸਿਰ ਦੀ ਲੋੜ ਹੈ। ਹੈ ਕੋਈ ਗੁਰੂ ਕਾ ਪਿਆਰਾ ਸਿੱਖ, ਜਿਹੜਾ ਖੁਸ਼ੀ ਨਾਲ ਸੀਸ ਭੇਟ ਕਰ ਸਕੇ"। ਇਹ ਇਕ ਅਨੋਖੀ ਮੰਗ ਸੀ। ਪੁਰਾਣੀ ਤੋਂ ਪੁਰਾਣੀ ਸੰਗਤ ਵਿਚੋਂ ਕਿਸੇ ਨੂੰ ਵੀ ਅਜਿਹੀ ਮੰਗ ਦੀ ਆਸ ਨਹੀਂ ਸੀ। ਗੁਰੂ ਸਾਹਿਬ ਜੀ ਦੀ ਲਲਕਾਰ ਭਰੀ ਮੰਗ ਨੂੰ ਸੁਣ ਕੇ ਸੰਗਤ ਵਿਚ ਸਨਾਟਾ ਛਾ ਗਿਆ। ਸਾਹ ਲੈਣ ਦੀ ਵੀ ਆਵਾਜ਼ ਨਹੀਂ ਆ ਰਹੀ ਸੀ। ਕੁੱਝ ਹੀ ਪਲਾਂ ਬਾਅਦ ਭਾਈ ਦਇਆ ਰਾਮ ਜੀ ਪੂਰਨ ਸਿਦਕ ਅਤੇ ਭਰੋਸੇ ਨਾਲ ਉੱਠੇ। ਗੁਰੂ ਸਾਹਿਬ ਜੀ ਦੇ ਚਰਨਾਂ ਤੇ ਆਪਣਾ ਸੀਸ ਜਾ ਟਿਕਾਇਆ। ਚਿਹਰੇ ਉਪਰ ਜਾਂ ਚਾਲ ਵਿਚ ਕਿਸੇ ਤਰ੍ਹਾਂ ਦਾ ਭੈ ਨਹੀਂ ਸੀ। ਸਤਿਗੁਰੂ ਜੀ ਨੇ ਬਾਂਹ ਤੋਂ ਫੜਿਆ ਅਤੇ ਖਿਚਦੇ ਹੋਏ ਪਿਛੇ ਲੱਗੇ ਤੰਬੂ ਵਿਚ ਲੈ ਗਏ। ਕੁਝ ਪਲਾਂ ਬਾਅਦ ਗੁਰੂ ਸਾਹਿਬ ਜੀ ਖੂਨ ਨਾਲ ਲਿਬੜੀ ਕਿਰਪਾਨ ਲੈਕੇ ਫਿਰ ਦੀਵਾਨ ਵਿਚ ਹਾਜ਼ਰ ਹੋਏ। ਫਿਰ ਇਕ ਸਿਰ ਦੀ ਮੰਗ ਕੀਤੀ। ਇਸ ਤਰਾਂ ਕੁਲ *5* ਵਾਰ ਹੋਇਆ। ਭਾਈ ਧਰਮ ਚੰਦ, ਭਾਈ ਹਿੰਮਤ ਚੰਦ, ਭਾਈ ਮੋਹਕਮ ਚੰਦ ਅਤੇ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਅਰਪਣ ਕੀਤੇ। ਇਹਨਾਂ ਨੂੰ ਵੀ ਇਕ ਇਕ ਕਰਕੇ ਤੰਬੂ ਵਿਚ ਲੈ ਗਏ।

ਕੁਝ ਦੇਰ ਬਾਅਦ ਗੁਰੂ ਜੀ ਪੰਜਾਂ ਨੂੰ ਜੀਵਨ ਦਾਨ ਦੇ ਕੇ ਆਪਣੇ ਨਾਲ ਲੈਕੇ ਆਏ। ਸੱਭ ਨੂੰ ਆਪਣੇ ਵਰਗੇ ਨੀਲੇ ਬਸਤਰ, ਦਸਤਾਰਾਂ ਅਤੇ ਗਾਤਰੇ ਕਿਰਪਾਨਾਂ ਪਹਿਨਾਈਆਂ ਹੋਈਆਂ ਸਨ। ਬਾਹਰ ਆਕੇ ਪੰਜਾਂ ਨੇ ਉੱਚੀ ਆਵਾਜ਼ ਵਿਚ ਸਾਰੀ ਸੰਗਤ ਨੂੰ ਫ਼ਤਿਹ ਬੁਲਾਈ: "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥ " ਗੁਰੂ ਸਾਹਿਬ ਜੀ ਨੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ, "ਇਹਨਾਂ ਨੇ ਆਪਣਾ ਜੀਵਨ ਦਾਨ ਦੇ ਕੇ ਅਮਰ ਪਦਵੀ ਨੂੰ ਪ੍ਰਾਪਤ ਕੀਤਾ ਹੈ। ਇਹ ਅੱਜ ਤੋਂ ਸਾਡੇ 'ਪੰਜ ਪਿਆਰੇ' ਹਨ। ਫਿਰ ਗੁਰੂ ਸਾਹਿਬ ਜੀ ਸਰਬ ਲੋਹ ਦੇ ਇਕ ਬਾਟੇ ਵਿਚ ਜਲ ਪਾਕੇ ਬੀਰ ਆਸਣ ਵਿਚ ਬੈਠ ਕੇ ਪੰਜਾਂ ਬਾਣੀਆਂ ਦਾ ਪਾਠ ਕਰਦੇ ਹੋਏ ਖੰਡਾ ਫੇਰਦੇ ਗਏ। ਮਾਤਾ ਜੀਤੋ ਜੀ ਨੇ ਪਤਾਸੇ ਲਿਆ ਕੇ ਪਾਏ। ਇਸ ਤਰ੍ਹਾਂ 'ਖੰਡੇ ਦੀ ਪਾਹੁਲ' ਤਿਆਰ ਕਰਕੇ ਪੰਜਾਂ ਨੂੰ ਛਕਾਈ ਗਈ। ਇਹਨਾਂ ਦੇ ਨਾਵਾਂ ਨਾਲ 'ਰਾਮ' ਅਤੇ 'ਚੰਦ' ਹਟਾ ਕੇ 'ਸਿੰਘ' ਲਗਾਇਆ ਗਿਆ। ਫਿਰ ਇਹਨਾਂ ਖਾਲਸ ਰੂਪ ਹੋਏ ਸਿੰਘਾਂ ਨੂੰ 'ਗੁਰੂ ਪਦਵੀ' ਬਖਸ਼ਦੇ ਹੋਏ ਆਪ ਬੇਨਤੀ ਕਰਕੇ ਖੰਡੇ ਦੀ ਪਾਹੁਲ ਛਕੀ। "ਆਪੇ ਗੁਰ ਚੇਲਾ" ਦੇ

ਮਹਾਂ ਵਾਕ ਨੂੰ ਅਮਲੀ ਰੂਪ ਦਿਤਾ। ਆਪ ਵੀ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਬਣੇ। ਇਹਨਾਂ ਪੰਜਾਂ ਨੂੰ ਅੱਗੇ ਸਿੰਘ ਸਜਾਉਣ ਦਾ ਅਧਿਕਾਰ ਦਿੱਤਾ ਗਿਆ। ਇਸ



ਅੰਮ੍ਰਿਤ ਦੀ ਤਿਆਰੀ ਸਮੇਂ ਮਾਤਾ ਜੀਤੋ ਜੀ ਪਤਾਸੇ ਪਾਉਂਦੇ ਹੋਏ

ਦਿਨ ਹੋਰ ਵੀ ਬਹੁਤ ਸਾਰੀਆਂ ਸੰਗਤਾਂ ਨੇ ਭਾਈ ਦਇਆ ਸਿੰਘ ਜੀ ਦੀ ਅਗਵਾਈ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈ ਦਿਆ ਸਿੰਘ ਜੀ ਦੇ ਪੂਰੇ ਪਰਿਵਾਰ ਨੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ, ਅਤੇ ਸਿੰਘ ਸਜੇ।

1704 ਈਸਵੀ ਤੱਕ ਸ੍ਰੀ ਆਨੰਦਪੁਰ ਸਾਹਿਬ ਦੀਆਂ ਚਾਰ ਜੰਗਾਂ ਹੋਈਆਂ। ਚਾਰਾਂ ਵਿਚ ਭਾਈ ਦਇਆ ਸਿੰਘ ਜੀ ਦੀ ਅਹਿਮ ਭੂਮਿਕਾ ਰਹੀ। ਇਕ ਵਾਰ ਤਾਂ ਪਹਾੜੀ ਰਾਜਿਆਂ ਅਤੇ ਮੁਗਲ ਫੌਜ ਨੂੰ ਭਾਈ ਦਇਆ ਸਿੰਘ ਜੀ ਦੀ ਅਗਵਾਈ ਵਿਚ ਖਿਜਰਾਬਾਦ ਤੱਕ ਭਜਾ ਦਿਤਾ ਗਿਆ। ਮੁਗਲਾਂ ਵੱਲੋਂ ਕੁਰਾਨ ਸ਼ਰੀਫ਼ ਅਤੇ ਪਹਾੜੀ ਹਿੰਦੂ ਰਾਜਿਆਂ ਵੱਲੋਂ ਗਊ ਦੀ ਸਹੁੰ ਚੁੱਕਣ ਅਤੇ ਸਿੰਘਾਂ ਵੱਲੋਂ ਜ਼ੋਰ ਦੇਣ ਤੇ ਜਦੋਂ ਆਨੰਦਪੁਰ ਸਾਹਿਬ ਨੂੰ ਛੱਡਿਆ ਅਤੇ ਸਰਸਾ ਦੇ ਕਿਨਾਰੇ ਪਰਿਵਾਰ ਵਿਛੋੜਾ ਹੋਇਆ ਤਾਂ ਭਾਈ ਦਇਆ ਸਿੰਘ ਜੀ ਗੁਰੂ ਸਾਹਿਬ ਜੀ ਦੇ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ

ਆ ਗਏ। ਇਥੇ ਘਮਾਸਾਨ ਦਾ ਜੰਗ ਹੋਇਆ। ਦੋਵੇਂ ਵੱਡੇ ਸਾਹਿਬਜ਼ਾਦੇ, ਤਿੰਨ ਪਿਆਰੇ ਭਾਈ ਹਿਮੰਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਕਈ ਸਿੰਘ ਸ਼ਹੀਦ ਹੋਏ। ਗੁਰੂ ਸਾਹਿਬ ਨੂੰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡ ਜਾਣ ਦੀ ਬੇਨਤੀ ਕੀਤੀ ਤਾਂਕਿ ਪੰਥ ਨੂੰ ਆਪ ਦੀ ਅਗਵਾਈ ਮਿਲਦੀ ਰਹੇ। ਪਰ ਗੁਰੂ ਸਾਹਿਬ ਜੀ ਇਸ ਤਰਾਂ ਸਿੰਘਾਂ ਨੂੰ ਛੱਡ ਕੇ ਜਾਣਾ ਨਹੀਂ ਚਾਹੁੰਦੇ ਸਨ। ਇਥੇ ਭਾਈ ਦਇਆ ਸਿੰਘ ਜੀ ਨੇ ਭਾਈ ਧਰਮ ਸਿੰਘ ਜੀ ਨਾਲ ਸਲਾਹ ਕਰਕੇ 'ਪੰਜਾਂ' ਨੂੰ ਦਿੱਤੀ ਗੁਰੂ ਪਦਵੀ ਦੇ ਅਧਿਕਾਰਾਂ ਦੀ ਵਰਤੋਂ ਕਰਕੇ ਗੁਰਮਤਾ ਪਾਸ ਕੀਤਾ। ਗੁਰੂ ਸਾਹਿਬ ਜੀ ਨੂੰ ਰਾਤ ਨੂੰ ਗੜ੍ਹੀ ਨੂੰ ਛੱਡ ਜਾਣ ਦਾ ਹੁਕਮ ਦਿੱਤਾ ਗਿਆ।

8 ਪੋਹ, 1704 ਈਸਵੀ ਨੂੰ ਗੁਰੂ ਸਾਹਿਬ ਜੀ ਨੇ ਪੂਰੀ ਵਿਉਂਤ ਬਣਾਈ। ਇਸ ਅਨੁਸਾਰ ਰਾਤ ਦੇ ਹਨ੍ਹੇਰੇ ਵਿਚ ਮੈਦਾਨ ਦੇ ਚਾਰੇ ਪਾਸੇ ਗੁਰੂ ਸਾਹਿਬ ਜੀ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਨੇ ਆਪਣੀ ਆਪਣੀ ਥਾਂ ਲੈ ਲਈ। ਫਿਰ ਗੁਰੂ ਸਾਹਿਬ ਜੀ ਨੇ ਤਾੜੀ ਮਾਰੀ ਅਤੇ ਲਲਕਾਰ ਕੇ ਉੱਚੀ ਆਵਾਜ਼ ਵਿਚ ਕਿਹਾ, "ਸਿੱਖਾਂ ਦਾ ਗੁਰੂ ਚੱਲਿਆ ਜੇ, ਜੇ ਕਿਸੇ ਦੀ ਹਿੰਮਤ ਹੈ ਤਾਂ ਫੜ ਲਵੇ"। ਨਾਲ ਹੀ ਚਾਰੇ ਪਾਸਿਆਂ ਤੋਂ ਜੈਕਾਰਿਆਂ ਦੀ ਗੂੰਜਾਂ ਪਾਂਈਆਂ ਗਈਆਂ। ਬਹੁਤ ਸਾਰੀ ਮੁਗਲ ਫੌਜ ਨੀਂਦ ਅਤੇ ਹਨ੍ਹੇਰੇ ਵਿਚ ਆਪਣੇ ਆਪ ਨੂੰ ਹੀ ਕੱਟ ਕੇ ਮਾਰੀ ਗਈ। ਗੁਰੂ ਸਾਹਿਬ ਜੀ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਸਾਰੇ ਹੀ ਤਾਰਿਆਂ ਦੀ ਸੇਧ ਨਾਲ ਮਾਛੀਵਾੜੇ ਇਕੱਠੇ ਹੋ ਗਏ।(ਪੁਰਾਤਨ ਸਮੇਂ ਵਿਚ ਰਾਤ ਦਾ ਸਫ਼ਰ ਲੋਕ ਤਾਰਿਆਂ ਨੂੰ ਦੇਖ ਕੇ ਕਰਿਆ ਕਰਦੇ ਸਨ। ਹੁਣ ਵੀ ਕਈ ਬਜ਼ੁਰਗ ਤਾਰੇ ਦੇਖ ਕੇ ਸਮਾਂ ਦੱਸ ਦਿੰਦੇ ਹਨ, ਜੋ ਲੱਗਭੱਗ ਠੀਕ ਹੁੰਦਾ ਹੈ।)

ਮਾਛੀਵਾੜੇ ਤੋਂ ਗਨੀ ਖਾਂ ਅਤੇ ਨਬੀ ਖਾਂ ਦੇ ਨਾਲ 'ਉੱਚ ਦਾ ਪੀਰ' ਬਣ ਕੇ ਆਲਮਗੀਰ ਸਾਹਿਬ ਪਹੁੰਚਦੇ ਹਨ। ਆਲਮਗੀਰ ਵਿਸ਼ਰਾਮ ਕਰਨ ਤੋਂ ਬਾਅਦ ਅਗਲੇ ਦਿਨ ਪਿੰਡ ਰਾਇਕੋਟ ਵਿਚ ਚੌਧਰੀ ਰਾਇ ਕੱਲ੍ਹਾ ਕੋਲ ਜਾਂਦੇ ਹਨ। ਗੁਰੂ ਸਾਹਿਬ ਜੀ ਨੇ ਇਥੋਂ ਹੀ ਨੂਰੇ ਮਾਹੀ ਨੂੰ ਸਰਹੰਦ ਭੇਜ ਕੇ ਮਾਤਾ ਜੀ ਬਾਰੇ ਅਤੇ ਛੋਟੇ ਸਾਹਿਬਜ਼ਾਦਿਆਂ ਬਾਰੇ ਸਾਰੀ ਖਬਰ ਮੰਗਾਈ। ਇਥੇ ਹੀ ਦੱਭ (ਕਾਹੀ) ਦੇ ਬੂਟੇ (ਘਾਹ ਦੀ ਇਕ ਕਿਸਮ) ਨੂੰ ਪੁੱਟ ਕੇ ਗੁਰੂ ਸਾਹਿਬ ਜੀ ਨੇ ਮੁਗਲ ਰਾਜ ਦੀ ਜੜ੍ਹ ਪੁੱਟਣ ਦਾ ਭਵਿਖਤ ਵਾਕ ਸੁਣਾਇਆ। ਇਥੋਂ ਤਿੰਨੇ ਸਿੰਘ ਅਤੇ ਗੁਰੂ ਸਾਹਿਬ ਜੀ ਪਿੰਡ ਦੀਨੇ ਕਾਂਗੜ ਪਹੁੰਚਦੇ ਹਨ। ਇਥੇ ਗੁਰੂ ਸਾਹਿਬ ਜੀ ਔਰੰਗਜ਼ੇਬ ਨੂੰ ਇਕ ਪੱਤਰ ਲਿਖਦੇ ਹਨ। ਇਸ ਪੱਤਰ ਨੂੰ ਇਤਿਹਾਸ ਵਿਚ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ। ਇਹ ਪੱਤਰ ਭਾਈ

ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੂੰ ਔਰੰਗਜ਼ੇਬ ਨੂੰ ਦੇਣ ਲਈ ਦਿਤਾ ਗਿਆ। ਔਰੰਗਜ਼ੇਬ ਉਹਨਾਂ ਦਿਨਾਂ ਵਿਚ ਦੱਖਣ ਵਿਚ ਔਰੰਗਾਬਾਦ ਵਿਚ ਨਿਵਾਸ ਕਰ ਰਿਹਾ ਸੀ। ਇਹ ਦੋਵੇਂ ਪਿਆਰੇ ਪਿੰਡ ਦੀਨਾ ਕਾਂਗੜ ਤੋਂ ਰੋਹਤਕ ਦੇ ਰਸਤੇ ਦਿੱਲੀ, ਆਗਰਾ, ਚੰਬਲ ਘਾਟੀ ਪਾਰ ਕਰਕੇ ਬੁਰਹਾਨ ਪੁਰ ਤੋਂ ਹੁੰਦੇ ਹੋਏ ਔਰੰਗਾਬਾਦ ਪਹੁੰਚੇ।




ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਿੱਠੀ (ਜ਼ਫਰਨਾਮਾ) ਔਰੰਗਜ਼ੇਬ ਨੂੰ ਦੇਣ ਲਈ
ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਪਿੰਡ ਦੀਨਾ ਕਾਂਗੜ ਤੋਂ ਇਸ ਅਸਥਾਨ ਤੇ ਪਹੁੰਚੇ।

ਇਥੇ ਇਹਨਾਂ ਨੂੰ ਪਤਾ ਲਗਦਾ ਹੈ ਕਿ ਔਰੰਗਜ਼ੇਬ ਅਹਿਮਦਾਬਾਦ ਵਿਚ ਹੈ। ਇਥੋਂ ਭਾਈ ਦਇਆ ਸਿੰਘ ਜੀ ਗੁਰੂ ਸਾਹਿਬ ਨੂੰ ਦੱਖਣ ਦੀ ਸਾਰੀ ਹਾਲਾਤ ਦਾ ਵੇਰਵਾ ਦੇ ਕੇ ਇਕ ਚਿੱਠੀ ਲਿਖਦੇ ਹਨ ਅਤੇ ਦੱਖਣ ਵਿਚ ਮਰਹੱਟਿਆਂ ਦੀ ਮਦਦ ਲਈ ਆਉਣ ਦੀ ਬੇਨਤੀ ਕਰਦੇ ਹਨ। ਭਾਈ ਦਇਆ ਸਿੰਘ ਕੁਝ ਦਿਨ ਸਿੱਖੀ ਦਾ ਪ੍ਰਚਾਰ ਕਰਕੇ ਅਹਿਮਦਾਬਾਦ ਲਈ ਚਲ ਪਏ। ਅਹਿਮਦਾਬਾਦ ਵਿਚ ਪਹੁੰਚ ਕੇ ਉਹ ਇਕ ਸਥਾਨਕ ਸਿੱਖ ਭਾਈ ਜੇਠਾ ਜੀ ਨੂੰ ਮਿਲੇ ਅਤੇ ਉਸ ਰਾਹੀਂ ਔਰੰਗਜ਼ੇਬ ਤੱਕ ਇਹ ਸੁਨੇਹਾ ਭੇਜਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪੱਤਰ ਲੈਕੇ ਦੋ ਸਿੰਘ ਪੰਜਾਬ ਤੋਂ ਆਏ ਹਨ। ਔਰੰਗਜ਼ੇਬ ਨੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਜੀ ਨੂੰ ਮਿਲਣ ਦਾ ਸਮਾਂ ਦੇ ਦਿਤਾ । ਨਿਯਤ ਸਮੇਂ ਤੇ ਬਹੁਤ ਸਤਿਕਾਰ ਨਾਲ ਮਿਲਿਆ। ਜ਼ਫ਼ਰਨਾਮਾ ਪੜ੍ਹ ਕੇ

ਉਹ ਸਿਰ ਤੋਂ ਪੈਰਾਂ ਤਕ ਕੰਬ ਉਠਿਆ। ਜਦੋਂ ਉਸ ਨੇ ਬਿਰਧ ਮਾਤਾ ਅਤੇ 9 ਸਾਲ ਅਤੇ 7 ਸਾਲ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿਚ ਚਿਣਨ ਦੀ ਵਾਰਤਾ ਪੜ੍ਹੀ ਤਾਂ ਬਾਦਸ਼ਾਹ ਨੇ ਕੰਨਾਂ ਨੂੰ ਹੱਥ ਲਾ ਕੇ ਕਿਹਾ,'ਲਾਹੌਲ ਵਿਲਾ ਕੂਵਤ, ਅਲੱਾਹ ਤਾਲਾ ਖੁਦਾਵੰਦ ਕਰੀਮ ਸਾਨੂੰ ਮੁਆਫ਼ ਕਰੇ'।

ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੂੰ ਇਕ ਪੱਤਰ ਦਿੱਤਾ ਜਿਸ ਵਿਚ ਉਸ ਨੇ ਗੁਰੂ ਸਾਹਿਬ ਜੀ ਤੋਂ ਆਪਣੇ ਸੂਬੇਦਾਰਾਂ ਵੱਲੋਂ ਕੀਤੇ ਗਏ ਜ਼ੁਲਮਾਂ ਲਈ ਮੁਆਫ਼ੀ ਮੰਗੀ ਅਤੇ ਉਹਨਾਂ ਨੂੰ ਦੱਖਣ ਵਿਚ ਆ ਕੇ ਮਿਲਣ ਲਈ ਬੇਨਤੀ ਕੀਤੀ। ਉਸਨੇ ਇਹ ਵੀ ਲਿਖਿਆ ਕਿ ਜਾਨੀ ਨੁਕਸਾਨ ਤਾਂ ਵਾਪਸ ਨਹੀਂ ਕੀਤਾ ਜਾ ਸਕਦਾ ਪਰ ਮੈਂ ਮਾਲੀ ਹਰਜਾਨਾ ਭਰਨ ਲਈ ਤਿਆਰ ਹਾਂ। ਬਾਦਸ਼ਾਹ ਨੇ ਦੋਵੇਂ ਸਿੰਘਾਂ ਨੂੰ ਇਕ ਸ਼ਾਹੀ ਗੁਰਜ, ਝੰਡਾ ਅਤੇ ਪਰਵਾਨਾ ਵੀ ਦਿੱਤਾ ਜਿਸ ਦਾ ਮਤਲਬ ਹੁੰਦਾ ਸੀ ਕਿ ਕੋਈ ਸਰਕਾਰੀ ਆਦਮੀ ਉਹਨਾਂ ਨੂੰ ਰਾਹ ਵਿਚ ਤੰਗ ਪਰੇਸ਼ਾਨ ਨਾ ਕਰੇ।

ਪੰਜਾਬ ਤੋਂ ਗੁਰੂ ਸਾਹਿਬ ਕੁਝ ਸਿੰਘਾਂ ਨੂੰ ਲੈਕੇ ਦੱਖਣ ਲਈ ਚੱਲ ਪਏ। ਉਧਰੋਂ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਪੰਜਾਬ ਲਈ ਚੱਲ ਪਏ। ਗੁਰੂ ਸਾਹਿਬ ਜੀ ਸਿਰਸਾ, ਨੌਹਰ, ਭਾਦਰਾ, ਅਜਮੇਰ ਅਤੇ ਨਰੈਣਾ ਹੁੰਦੇ ਹੋਏ ਬਘੌਰ ਪਹੁੰਚ ਗਏ। ਇਥੇ ਹੀ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਉਹਨਾਂ ਨੂੰ ਆ ਮਿਲੇ। ਉਹਨਾਂ ਨੇ ਔਰੰਗਜ਼ੇਬ ਨਾਲ ਹੋਈ ਸਾਰੀ ਵਾਰਤਾ ਗੁਰੂ ਸਾਹਿਬ ਜੀ ਨੂੰ ਸੁਣਾਈ। ਗੁਰੂ ਜੀ ਨੇ ਕਿਹਾ,"ਸਾਨੂੰ ਇਹ ਦਿਸ ਰਿਹਾ ਹੈ ਕਿ ਔਰੰਗਜ਼ੇਬ ਹੁਣ ਆਖਰੀ ਸਾਹਾਂ ਤੇ ਹੈ। ਸਾਡੀ ਹੁਣ ਉਸ ਨਾਲ ਮੁਲਾਕਾਤ ਨਹੀਂ ਹੋ ਸਕਣੀ"। ਫਿਰ ਵੀ ਗੁਰੂ ਸਾਹਿਬ ਜੀ ਅੱਗੇ ਚੱਲ ਪਏ। ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਵੀ ਨਾਲ ਹੀ ਹਨ। ਬੁਰਹਾਨਪੁਰ ਤੋਂ ਅੱਗੇ ਕੁਲਾਇਤ ਦੇ ਸਥਾਨ ਤੇ ਗੁਰੂ ਜੀ ਨੂੰ ਔਰੰਗਜ਼ੇਬ ਦੀ ਮੌਤ ਹੋ ਜਾਣ ਬਾਰੇ ਪਤਾ ਲਗਦਾ ਹੈ। ਭਾਈ ਦਇਆ ਸਿੰਘ ਜੀ ਨੇ ਕਿਹਾ ਕਿ ਗੁਰੂ ਸਾਹਿਬ ਜੀ, ਬਾਦਸ਼ਾਹ ਦੀ ਆਪਜੀ ਦੇ ਦਰਸ਼ਨ ਕਰਨ ਦੀ ਦਿਲੀ ਇੱਛਾ ਸੀ, ਜੋ ਪੂਰੀ ਨਹੀਂ ਹੋ ਸਕੀ। ਗੁਰੂ ਸਾਹਿਬ ਜੀ ਨੇ ਕਿਹਾ,"ਓ ਭਾਈ ਦਇਆ ਸਿੰਘ, ਦਇਆ ਦੀ ਮੂਰਤ ਜੀਓ, ਤੁਸੀ ਇਤਨਾਂ ਕੁਝ ਹੋ ਜਾਣ ਦੇ ਬਾਅਦ ਵੀ ਕੁਝ ਨਹੀਂ ਸਮਝੇ। ਜਿਸ ਇਨਸਾਨ ਨੇ ਦੁਨਿਆਵੀ ਤਾਕਤਾਂ ਦੀ ਖਾਤਰ ਪਿਉ, ਭਰਾ, ਧੀ, ਅਤੇ ਪੁੱਤਰਾਂ ਨੂੰ ਨਹੀ ਬਖਸ਼ਿਆ, ਉਹ ਕਿਸੇ ਦਾ ਵੀ ਦੋਸਤ ਨਹੀਂ ਹੋ ਸਕਦਾ। ਅਸੀਂ ਤਾਂ ਫਿਰ ਵੀ ਉਸ ਨੂੰ ਮਿਲਣ ਲਈ ਜਾ ਰਹੇ ਸਾਂ। ਜੋ ਕੁਝ ਵੀ ਹੋਇਆ ਹੈ, ਉਹ ਪ੍ਰਮਾਤਮਾ ਦੀ ਰਜ਼ਾ ਵਿਚ ਹੀ ਹੋਇਆ ਹੈ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਰਾਜ ਭਾਗ ਲਈ ਉਸਦੇ ਪੁੱਤਰਾਂ ਵਿਚ ਲੜਾਈ ਸ਼ੁਰੂ ਹੋ ਗਈ। ਉਸਦਾ ਵੱਡਾ ਪੁੱਤਰ ਮੁੱਅਜ਼ਮ ਸ਼ਾਹ, ਜੋ ਬਹਾਦਰ ਸ਼ਾਹ ਬਣਿਆਂ, ਨੇ

ਗੁਰੂ ਜੀ ਨੂੰ ਆਪਣੀ ਮਦਦ ਲਈ ਬੇਨਤੀ ਕੀਤੀ। ਨਾਲ ਹੀ ਕਿਹਾ ਕਿ ਉਹ ਗੁਰੂ ਘਰ ਦੇ ਸਾਰੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਵੇਗਾ। ਗੁਰੂ ਸਾਹਿਬ ਜੀ ਨੇ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਦੀ ਅਗਵਾਈ ਵਿਚ ਸਿੰਘਾਂ ਦੀ ਇਕ ਟੁਕੜੀ ਬਾਦਸ਼ਾਹ ਦੀ ਸਹਾਇਤਾ ਲਈ ਭੇਜੀ। ਗੁਰੂ ਸਾਹਿਬ ਜੀ ਵੀ ਬਹਾਦਰ ਸ਼ਾਹ ਅਤੇ ਉਸ ਦੇ ਛੋਟੇ ਭਰਾ ਮੁਹੰਮਦ ਆਜ਼ਮ ਨਾਲ ਹੋ ਰਹੀ ਜੰਗ ਦੇ ਮੈਦਾਨ ਵਿਚ ਜਾਜੋ ਦੇ ਸਥਾਨ ਤੇ ਪਹੁੰਚ ਗਏ। ਘਮਸਾਨ ਦਾ ਜੰਗ ਹੋਇਆ। ਮੁਹੰਮਦ ਆਜ਼ਮ ਦਾ ਪੁੱਤਰ ਭਾਈ ਦਇਆ ਸਿੰਘ ਜੀ ਦੀ ਕਿਰਪਾਨ ਨਾਲ ਮਾਰਿਆ ਗਿਆ ਅਤੇ ਖੁਦ ਮੁਹੰਮਦ ਆਜ਼ਮ ਗੁਰੂ ਸਾਹਿਬ ਜੀ ਦੇ ਤੀਰ ਦਾ ਸ਼ਿਕਾਰ ਹੋ ਗਿਆ। ਬਹਾਦਰ ਸ਼ਾਹ ਦੀ ਜਿੱਤ ਹੋਈ। ਇਹ ਜਿੱਤ ਦੇ ਨਗਾਰੇ ਵਜਾਉਂਦਾ ਆਗਰੇ ਆ ਗਿਆ। ਗੁਰੂ ਸਾਹਿਬ ਜੀ, ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਅਤੇ ਹੋਰ ਸਿੰਘ ਵੀ ਆਗਰੇ ਪਹੁੰਚ ਗਏ। ਗੁਰੂ ਸਾਹਿਬ ਜੀ ਦਾ ਕੀਮਤੀ ਭੇਟਾਂਵਾਂ ਦੇ ਕੇ ਸ਼ੁਕਰਾਨਾ ਕੀਤਾ। ਸਿੰਘਾਂ ਨੂੰ ਇਨਾਮ ਅਤੇ ਦੁਸ਼ਾਲੇ ਦਿੱਤੇ ਗਏ। ਆਗਰੇ ਠਹਿਰ ਕੇ ਗੁਰੂ ਸਾਹਿਬ ਜੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਕੋਈ ਛੇ ਕੁ ਮਹੀਨੇ ਗੁਰੂ ਜੀ ਆਗਰੇ ਵਿਚ ਠਹਿਰੇ। ਰਾਜ ਮਿਲਣ ਤੋਂ ਬਾਅਦ ਬਹਾਦਰ ਸ਼ਾਹ ਗੁਰੂ ਘਰ ਦੇ ਦੋਸ਼ੀਆਂ ਨੂੰ ਗੁਰੂ ਸਾਹਿਬ ਜੀ ਦੇ ਹਵਾਲੇ ਕਰਨ ਤੋਂ ਕੰਨੀ  ਕਤਰਾਉਣ ਲੱਗ ਗਿਆ ਅਤੇ ਬੇਨਤੀ ਕੀਤੀ ਕਿ ਮੈਨੂੰ ਸਾਲ ਕੁ ਦਾ ਸਮਾਂ ਹੋਰ ਦੇ ਦਿਓ। ਮੇਰਾ ਰਾਜ ਭਾਗ ਅਜੇ ਨਵਾਂ ਹੈ। ਦੇਸ਼ ਵਿਚ ਗੜਬੜ ਫੈਲਣ ਦਾ ਡਰ ਹੈ।

ਪਰ ਗੁਰੂ ਸਾਹਿਬ ਜੀ ਨੇ ਕਿਹਾ,"ਤੈਨੂੰ ਹੋਰ ਸਮਾਂ ਨਹੀਂ ਦਿੱਤਾ ਜਾ ਸਕਦਾ। ਹੁਣ ਖਾਲਸਾ ਆਪੇ ਆਪਣੇ ਦੋਸ਼ੀਆਂ ਨਾਲ ਨਿਪਟ ਲਏਗਾ"। ਓਧਰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਬਹਾਦਰ ਸ਼ਾਹ ਦੀ ਗੁਰੂ ਸਾਹਿਬ ਜੀ ਨਾਲ ਨੇੜਤਾ ਦੀਆਂ ਖਬਰਾਂ ਮਿਲ ਰਹੀਆਂ ਸਨ। ਉਹ ਇਸ ਗੱਲ ਤੋਂ ਬਹੁਤ ਡਰਿਆ ਹੋਇਆ ਸੀ। ਉਸ ਨੇ ਦੋ ਪਠਾਣਾਂ ਅਤਾਉਲਾ ਖਾਂ ਅਤੇ ਗੁਲ ਖਾਂ ਨੂੰ ਗੁਰੂ ਸਾਹਿਬ ਜੀ ਦਾ ਕਤਲ ਕਰਨ ਦੀ ਯੋਜਨਾ ਬਣਾ ਕੇ ਦੱਖਣ ਵੱਲ ਤੋਰ ਦਿੱਤਾ। ਇਧਰੋਂ ਗੁਰੂ ਸਾਹਿਬ ਜੀ ਵੀ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਅਤੇ ਕੁਝ ਕੁ ਸਿੰਘਾਂ ਸਮੇਤ ਦੱਖਣ ਵੱਲ ਨੂੰ ਚੱਲ ਪਏ। ਮੰਜ਼ਿਲ ਤੈਅ ਕਰਦੇ ਗੁਰੂ ਸਾਹਿਬ ਬੁਰਹਾਨ ਪੁਰ, ਅਮਰਾਵਤੀ ਅਤੇ ਹਿੰਗੋਲੀ ਪੜਾਅ ਕਰਦੇ ਹੋਏ ਨਾਂਦੇੜ ਪਹੁੰਚੇ। ਗੋਦਾਵਰੀ ਦੇ ਕੰਢੇ ਡੇਰਾ ਕੀਤਾ। ਇਥੇ ਮਾਧੋ ਦਾਸ ਨੂੰ ਬੰਦਾ ਬਹਾਦਰ ਬਣਾ ਕੇ ਵਜ਼ੀਦੇ ਨੂੰ ਸੋਧਣ ਲਈ ਪੰਜਾਬ ਵੱਲ ਰਵਾਨਾ ਕੀਤਾ।

ਸਰਹੰਦ ਦੇ ਸੂਬੇਦਾਰ ਦੇ ਭੇਜੇ ਹੋਏ ਪਠਾਣ ਵੀ ਨਾਂਦੇੜ ਪਹੁੰਚ ਗਏ। ਦੋਹਾਂ ਨੇ ਗੁਰੂ ਸਾਹਿਬ ਜੀ  ਕੋਲ ਪਹੁੰਚ ਕੇ ਕੁਝ ਭੇਟਾ ਰੱਖ ਕੇ ਆਪਣੀ ਸ਼ਰਧਾ ਜਾਹਰ ਕੀਤੀ। ਗੁਰੂ ਸਾਹਿਬ ਜੀ ਇਹਨਾਂ ਦੇ ਅੰਦਰ ਦੀ ਨੀਅਤ ਜਾਣਦੇ ਸਨ, ਪਰ ਪ੍ਰਮਾਤਮਾ ਦੇ ਭਾਣੇ

ਵਿਚ ਰਹਿ ਕੇ *'ਦੇਖਣ ਆਇਓ ਜਗਤ ਤਮਾਸ਼ਾ'* ਦੇ ਮਹਾਂਵਾਕ ਅਨੁਸਾਰ 'ਤਮਾਸ਼ਾ' ਵੇਖ ਰਹੇ ਹਨ। ਇਸ ਤੋਂ ਬਾਅਦ ਇਹ ਦੋਂਵੇ ਵੇਲੇ ਦੀਵਾਨ ਵਿਚ ਹਾਜ਼ਰੀ ਭਰਨ ਲੱਗੇ। ਇਕ ਦਿਨ ਮੌਕਾ ਪਾਕੇ ਜਦੋਂ ਗੁਰੂ ਜੀ ਆਪਣੇ ਤੰਬੂ ਵਿਚ ਆਪਣੇ ਪਲੰਘ ਤੇ ਆਰਾਮ ਫੁਰਮਾ ਰਹੇ ਸਨ ਤਾਂ ਇਹ ਗੁਰੂ ਜੀ ਦੇ ਤੰਬੂ ਕੋਲ ਚਲੇ ਗਏ। ਅਤਾਉਲਾ ਖਾਂ ਬਾਹਰ ਬੂਹੇ ਕੋਲ ਖੜ ਗਿਆ ਤੇ ਗੁਲ ਖਾਂ ਅੰਦਰ ਚਲਾ ਗਿਆ। ਰਸਤਾ ਸਾਫ਼ ਵੇਖ ਕੇ ਬਾਹਰ ਵਾਲੇ ਨੇ ਇਸ਼ਾਰਾ ਕੀਤਾ ਅਤੇ ਗੁਲ ਖਾਂ ਨੇ ਖੰਜਰ ਨਾਲ ਵਾਰ ਕੀਤਾ। ਸਤਿਗੁਰੂ ਜੀ ਨੇ ਆਪਣੀ ਛੋਟੀ ਕਿਰਪਾਨ ਨਾਲ ਹੀ ਪਾਰ ਬੁਲਾ ਦਿੱਤਾ। ਭੱਜੇ ਜਾਂਦੇ ਅਤਾਉਲਾ ਖਾਂ ਨੂੰ ਭਾਈ ਦਇਆ ਸਿੰਘ ਜੀ ਨੇ ਘੇਰ ਲਿਆ। ਜਦੋਂ ਉਹ ਖੰਜਰ ਨਾਲ ਵਾਰ ਕਰਨ ਲਗਿਆ ਤਾਂ ਭਾਈ ਦਇਆ ਸਿੰਘ ਜੀ ਨੇ ਖੰਜਰ ਵਾਲੀ ਬਾਂਹ ਹੀ ਮੋਢੇ ਕੋਲੋਂ ਵੱਢ ਦਿੱਤੀ। ਦੂਜਾ ਵਾਰ ਲੱਤ ਉਪਰ ਗੋਡੇ ਕੋਲ ਕੀਤਾ। ਉਸਨੂੰ ਸਿੰਘਾਂ ਦੇ ਹਵਾਲੇ ਕਰਕੇ ਆਪ ਵੈਦ ਭਾਈ ਰਵੇਲ ਸਿੰਘ ਨੂੰ ਲੈ ਆਏ। ਛਾਤੀ ਦੇ ਹੇਠਲੇ ਪਾਸੇ ਜ਼ਖਮ ਸੀ। ਜ਼ਖਮ ਨੂੰ ਧੋ ਕੇ ਸਿਊਂ ਦਿੱਤਾ ਗਿਆ। ਕੁਝ ਦਿਨਾਂ ਵਿਚ ਹੀ ਗੁਰੂ ਸਾਹਿਬ ਜੀ ਦਾ ਜ਼ਖਮ ਭਰਨਾ ਸ਼ੁਰੂ ਹੋ ਗਿਆ। 7 ਅਕਤੂਬਰ 1708 ਈਸਵੀ ਨੂੰ ਇਕ ਭਾਰੇ ਕਮਾਨ ਤੇ ਚਿੱਲਾ ਚੜ੍ਹਾਉਣ ਕਾਰਨ ਜ਼ਖਮ ਫੇਰ ਪਾਟ ਗਿਆ। ਵੈਦ ਨੇ ਫਿਰ ਸਿਊਣਾ ਚਾਹਿਆ। ਪਰ ਗੁਰੂ ਸਾਹਿਬ ਜੀ ਨੇ ਆਪਣਾ ਆਖਰੀ ਸਮਾਂ ਜਾਣ ਕੇ ਇਲਾਜ ਕਰਵਾਉਣ ਤੋਂ ਮਨਾਂ ਕਰ ਦਿੱਤਾ। ਸਤਿਗੁਰੂ ਜੀ ਨੇ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੂੰ ਕੋਲ ਬੁਲਾ ਕੇ ਕਿਹਾ "ਚਿੰਤਾ ਕਰਨ ਦੀ ਲੋੜ ਨਹੀਂ। ਭਾਣਾ ਮੰਨਣ ਵਿਚ ਹੀ ਭਲਾ ਹੈ। ਅਸਾਡਾ ਅੰਤਿਮ ਸਮਾਂ ਆ ਗਿਆ ਹੈ। ਪੋਥੀ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇ। ਆਖ਼ਰੀ ਉਪਦੇਸ਼ ਕੀਤਾ,"ਸਰੀਰਕ ਗੁਰੂ ਦੀ ਪ੍ਰਥਾ ਅੱਜ ਤੋਂ ਸਮਾਪਤ ਕੀਤੀ ਜਾਂਦੀ ਹੈ। ਇਸ ਬਚਨ ਵੱਲ ਖਾਸ ਧਿਆਨ ਦੇਣਾ ਹੈ ਕਿ ਸਾਡੀ ਆਤਮਾ ਗੁਰੂ ਗ੍ਰੰਥ ਵਿਚ ਹੈ ਅਤੇ ਸਾਡਾ ਸਰੀਰ ਗੁਰੂ ਪੰਥ ਵਿਚ ਹੈ। ਓਟ ਅਕਾਲ ਕੀ ਵਿਚ ਹੀ ਰਹਿਣਾ ਹੈ, ਪਰਚਾ ਸ਼ਬਦ ਦਾ ਅਤੇ ਦੀਦਾਰ ਖਾਲਸੇ ਦਾ ਕਰਨਾ ਹੈ"। ਇਥੇ ਗੁਰੂ ਸਾਹਿਬ ਜੀ ਨੇ ਖਾਲਸੇ ਅਤੇ ਸੰਗਤਾਂ ਲਈ 52 ਅਖੀਰੀ ਬਚਨ ਕੀਤੇ ਹਨ, ਜੋ ਇਤਿਹਾਸ ਵਿਚ ਦਰਜ ਹਨ। ਪੋਥੀ ਸਾਹਿਬ ਅਤੇ ਖਾਲਸਾ ਜੀ ਨੂੰ ਗੁਰੂ ਪਦਵੀ ਸੌਂਪ ਕੇ ਭਾਈ ਦਇਆ ਸਿੰਘ ਜੀ ਨੂੰ ਅੰਗੀਠਾ ਤਿਆਰ ਕਰਵਾਉਣ ਲਈ ਕਿਹਾ। ਉਪਰੰਤ ਆਪ ਤੰਬੂ ਵਿਚ ਚਲੇ ਗਏ। ਅੱਧੀ ਰਾਤ ਨੂੰ ਗੁਰੂ ਸਾਹਿਬ ਜੀ ਪੂਰਨ ਸ਼ਸਤਰ ਬਸਤਰ ਸਜਾ ਕੇ ਘੋੜੇ ਤੇ ਸਵਾਰ ਹੋ ਕੇ ਅੰਗੀਠਾ ਸਾਹਿਬ ਵਿਚ ਚਲੇ ਗਏ। ਭਾਈ ਦਇਆ ਸਿੰਘ ਜੀ ਨੂੰ ਇਹ ਹਦਾਇਤ ਕੀਤੀ ਗਈ ਕਿ ਅਸਾਡਾ ਅੰਗੀਠਾ ਨਾ ਫੋਲਿਆ ਜਾਵੇ। ਤੁਸੀ ਦੋਹਾਂ ਨੇ ਇਥੇ ਰਹਿ ਕੇ ਹੀ ਪ੍ਰਚਾਰ ਕਰਨਾ, ਪੰਜਾਬ ਨਹੀਂ ਜਾਣਾ।

ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਭਾਈ ਦਇਆ ਸਿੰਘ ਜੀ ਬੈਰਾਗਮਈ ਅਵੱਸਥਾ ਵਿਚ ਹੀ ਰਹਿੰਦੇ ਸਨ। ਬਹੁਤ ਥੋੜਾ ਖਾਂਦੇ ਸਨ। ਗੋਦਾਵਰੀ ਦੇ ਕੰਢੇ ਮਾਧੋ ਦਾਸ ਦੇ ਭੋਰੇ ਵਿਚ ਤਪ ਕਰਨ ਚਲੇ ਜਾਂਦੇ। ਕਈ ਕਈ ਦਿਨ ਬਾਹਰ ਨਾ ਆਉਂਦੇ। ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ ਸੀ। ਗੁਰੂ ਜੀ ਦਾ ਵਿਛੋੜਾ ਅਸਿਹ ਸੀ। ਇਕ ਦਿਨ ਭਾਈ ਧਰਮ ਸਿੰਘ ਜੀ ਨੂੰ ਕਹਿਣ ਲੱਗੇ, ਹੁਣ ਹੇਮਕੁੰਟ ਦੇ ਸਾਥੀ ਨੂੰ ਮਿਲਣ ਦਾ ਦਿਲ ਕਰਦਾ ਹੈ। ਕੁਝ ਹੀ ਦਿਨਾਂ ਬਾਅਦ ਬਹਾਦਰੀ, ਸਿਮਰਨ ਅਤੇ ਦਿਆ ਦੀ ਮੂਰਤ ਭਾਈ ਦਇਆ ਸਿੰਘ ਜੀ ਕੁਲ 40 ਸਾਲ 10 ਮਹੀਨੇ 21 ਦਿਨ ਦੀ ਸਰੀਰਕ ਉਮਰ ਵਿਚ ਵਿਚਰਦੇ ਹੋਏ 21 ਦਸੰਬਰ, 1708 ਈਸਵੀ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

******************************************

# ਪਿਆਰੇ ਭਾਈ ਧਰਮ ਸਿੰਘ ਜੀ

ਉਤਰ ਪ੍ਰਦੇਸ਼ ਰਾਜ ਵਿਚ ਮੇਰਠ ਦੇ ਨੇੜੇ ਇਕ ਛੋਟਾ ਜਿਹਾ ਸ਼ਹਿਰ ਹੈ 'ਹਸਤਨਾਪੁਰ'। ਇਥੇ ਅੱਠਵੀਂ ਨਾਨਕ ਜੋਤ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਵਰੋਸਾਇਆ ਹੋਇਆ ਇਕ ਪਰਿਵਾਰ ਵਸਦਾ ਹੈ। ਇਸ ਪਰਿਵਾਰ ਵਿਚ ਭਾਈ ਪਰਮ ਸੁੱਖ ਅਤੇ ਭਾਈ ਅਨੰਤ ਸੁੱਖ ਦੋ ਭਰਾ ਹਨ। ਵੱਡੇ ਭਰਾ ਭਾਈ ਪਰਮ ਸੁੱਖ ਦਾ ਵਿਆਹ ਬੀਬੀ ਅਨੰਤੀ ਦੇਵੀ ਨਾਲ ਹੋ ਚੁੱਕਿਆ ਹੈ। ਛੋਟਾ ਭਰਾ ਜਿਸ ਦੀ ਉਮਰ 18 ਕੁ ਸਾਲ ਦੀ ਹੈ, ਪਰ ਬੁੱਧੀ ਦਾ ਵਿਕਾਸ ਨਹੀਂ ਹੋਇਆ ਹੈ। ਜਿਥੇ ਕਿਸੇ ਨੇ ਬਿਠਾ ਦੇਣਾ



ਗੁਰੂਦਵਾਰਾ ਸਾਹਿਬ ਜਨਮ ਅਸਥਾਨ ਭਾਈ ਧਰਮ ਸਿੰਘ ਜੀ, ਹਸਤਨਾਪੁਰ

ਬੈਠੇ ਰਹਿਣਾ। ਕੋਈ ਕੁਝ ਖਵਾ ਦੇਵੇ ਤਾਂ ਖਾ ਲੈਣਾ। ਜ਼ਿਆਦਾਤਰ ਇਹ ਮੰਜੇ ਤੇ ਹੀ ਪਿਆ ਰਹਿੰਦਾ ਹੈ। ਭਾਈ ਪਰਮ ਸੁੱਖ ਦੇ ਘਰ 12 ਅਪ੍ਰੈਲ 1670 ਈਸਵੀ ਨੂੰ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਨਾਲ ਇਕ ਬਾਲਕ ਦਾ ਜਨਮ ਹੋਇਆ। ਬੱਚੇ

ਦਾ ਨਾਮ ਧਰਮ ਚੰਦ ਰੱਖਿਆ ਗਿਆ। ਜੱਟ ਜਾਤੀ ਨਾਲ ਸਬੰਧਿਤ ਇਹ ਪਰਿਵਾਰ ਆਪਣੀ ਜੱਦੀ ਪੁਸ਼ਤੈਨੀ ਜ਼ਮੀਨ ਉਪਰ ਖੇਤੀਬਾੜੀ ਕਰਦਾ ਹੈ। ਜ਼ਮੀਨ ਇਹਨਾਂ ਕੋਲ ਕਾਫ਼ੀ ਹੈ। ਪਰਮ ਸੁੱਖ ਜੀ ਖੂਬ ਮਿਹਨਤ ਕਰਦੇ ਹਨ। ਗਰੀਬ ਗੁਰਬੇ ਦੀ ਮੱਦਦ ਵੀ ਕਰਦੇ ਰਹਿੰਦੇ ਹਨ। ਧਰਮਸਾਲ ਦੇ ਅਸੂਲ ਅਨੁਸਾਰ ਗੁਰੂ ਘਰ ਲਈ ਦਸਵੰਧ ਵੀ ਕੱਢਦੇ ਹਨ। ਸਵੇਰੇ ਸ਼ਾਮ ਧਰਮਸਾਲ ਵਿਚ ਸਤਿਸੰਗ ਕਰਨ ਵੀ ਜਾਂਦੇ ਹਨ।

ਬਾਲਕ ਧਰਮ ਚੰਦ ਹੁਣ 8 ਕੁ ਮਹੀਨਿਆ ਦਾ ਹੋ ਗਿਆ ਹੈ। ਇਕ ਦਿਨ ਇਹ ਰੁੜ੍ਹਦੇ ਰੁੜ੍ਹਦੇ ਚਾਚੇ ਅਨੰਤ ਸੁੱਖ ਦੇ ਮੰਜੇ ਕੋਲ ਚਲਾ ਗਿਆ। ਮੰਜੀ ਦੀ ਬਾਹੀ ਨੂੰ ਫੜ੍ਹ ਕੇ ਖੜਾ ਹੋ ਗਿਆ। ਇਕ ਹੱਥ ਨਾਲ ਬਾਹੀ ਫੜ ਕੇ ਦੂਜੇ ਨਾਲ ਚਾਚੇ ਦੇ ਸਰੀਰ ਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਮੂੰਹ ਤੋਂ 'ਚਾ... ਚਾ...' ਦੀ ਆਵਾਜ਼ ਕੱਢਣ ਲੱਗ ਪਿਆ। ਕਰਨੀ ਰੱਬ ਦੀ, ਅਨੰਤ ਸੁੱਖ ਦੇ ਸਰੀਰ ਵਿਚ ਹਿੱਲ ਜੁੱਲ ਹੋਈ। ਮੋਹ ਰੂਪੀ ਤਰੰਗਾਂ ਨਿਕਲੀਆਂ ਅਤੇ ਅਨੰਤ ਸੁੱਖ ਮੰਜੀ ਤੇ ਬੈਠ ਕੇ ਧਰਮ ਚੰਦ ਨਾਲ ਖੇਡਣ ਲੱਗ ਗਿਆ। ਧਰਮ ਚੰਦ ਨੂੰ ਚੁੱਕ ਕੇ ਮੰਜੀ ਤੇ ਬਿਠਾ ਲਿਆ। ਫਿਰ ਚੁੱਕ ਕੇ ਖੜਾ ਹੋ ਗਿਆ। ਫਿਰ ਹੌਲੀ ਹੌਲੀ ਕੁੱਝ ਦਿਨਾਂ ਵਿਚ ਬਿਲਕੁਲ ਠੀਕ ਹੋ ਗਿਆ। ਘਰ ਪਰਿਵਾਰ ਵਾਲੇ ਤੇ ਆਂਢ ਗੁਆਂਢ ਵਾਲੇ ਹੈਰਾਨੀ ਭਰੀ ਖੁਸ਼ੀ ਜਾਹਰ ਕਰ ਰਹੇ ਸਨ ਕਿ 18 ਸਾਲਾਂ ਤੋਂ ਮੰਜੇ ਨਾਲ ਜੁੜਿਆ ਬੰਦਾ ਬਿਲਕੁ.ਲ ਠੀਕ ਹੋ ਗਿਆ ਹੈ।

ਧਰਮ ਚੰਦ ਜੀ ਦੇ ਜੀਵਨ ਨਾਲ ਜੁੜੀਆਂ ਇਹੋ ਜਿਹੀਆਂ ਕਈ ਕਰਾਮਾਤੀ ਕਹਾਣੀਆਂ ਮਿਲਦੀਆਂ ਹਨ। ਇਹ ਤਾਂ ਲੋਕੀਂ ਅਕਸਰ ਹੀ ਕਹਿੰਦੇ ਸਨ ਕਿ ਧਰਮ ਚੰਦ ਦੇ ਮੂੰਹੋਂ ਨਿਕਲੀ ਗੱਲ ਪੂਰੀ ਹੋ ਜਾਂਦੀ ਹੈ। ਧਰਮ ਚੰਦ ਜੀ ਥੋੜੇ ਵੱਡੇ ਹੋਏ ਤਾਂ ਬੱਚਿਆਂ ਵਿਚ ਘੁਲਦੇ ਮਿਲਦੇ ਘੱਟ ਹੀ ਸਨ। ਜਿਥੇ ਬੱਚੇ ਜ਼ਿਆਦਾ ਸ਼ੋਰ ਪਾ ਕੇ ਖੇਡਦੇ ਹੋਣ ਉਥੋਂ ਤਾਂ ਇਹ ਖਿਸਕ ਹੀ ਜਾਂਦੇ ਸਨ। ਦੇਖਣ ਨੂੰ ਇਹ ਭੋਲੇ ਦਿਖਾਈ ਦਿੰਦੇ ਸਨ ਪਰ ਅੰਦਰੋਂ ਬਹੁਤ ਸਿਆਣੇ ਸਨ। 3 ਕੁ ਸਾਲ ਦੀ ਉਮਰ ਵਿਚ ਹੀ ਇਹ ਅੱਖਾਂ ਬੰਦ ਕਰਕੇ ਕਾਫ਼ੀ ਦੇਰ ਤੱਕ ਬੈਠੇ ਰਹਿੰਦੇ ਸਨ।

ਜੱਟਾਂ ਜ਼ਿਮੀਦਾਰਾਂ ਦੇ ਘਰੋਂ ਉਹਨਾਂ ਦੇ ਪ੍ਰੋਹਿਤ ਬ੍ਰਾਹਮਣ ਸਮੇਂ ਸਮੇਂ ਦਾਣੇ ਅਤੇ ਬਸਤਰ ਆਦਿ ਲੈਂਦੇ ਰਹਿੰਦੇ ਸਨ। ਇਕ ਦਿਨ ਧਰਮ ਚੰਦ ਦੇ ਘਰ ਇਹਨਾਂ ਦੇ ਪ੍ਰੋਹਿਤ ਪੰਡਤ ਲੱਛੂ ਰਾਮ ਜੀ ਆਏ। ਭਾਈ ਧਰਮ ਚੰਦ ਦੀ ਉਮਰ ਇਸ ਸਮੇਂ 6 ਕੁ ਸਾਲ ਹੈ। ਪੰਡਤ ਜੀ ਨੂੰ ਕਹਿਣ ਲੱਗੇ, "ਤੁਹਾਡਾ ਨਾਮ ਕੀ ਹੈ?" ਉਹਨਾਂ ਨੇ ਕਿਹਾ, 'ਪੰਡਤ ਲੱਛੂ ਰਾਮ' ਧਰਮ ਚੰਦ ਨੇ ਫਿਰ ਪੁੱਛਿਆ, ਤੁਹਾਡੇ ਨਾਮ ਤੋਂ ਪਹਿਲਾਂ ਪੰਡਤ

ਕਿਉਂ ਲਾਇਆ ਜਾਂਦਾ ਹੈ'? ਪੰਡਤ ਜੀ ਨੂੰ ਇਸ ਸਵਾਲ ਦੀ ਆਸ ਨਹੀਂ ਸੀ ਪਰ ਥੋੜਾ ਸੋਚ ਕੇ ਕਹਿਣ ਲੱਗੇ, 'ਪੰਡਤ ਦਾ ਮਤਲਬ ਹੁੰਦਾ ਹੈ – ਵਿਦਵਾਨ। ਜਿਸ ਨੇ ਬਹੁਤ ਪੜ੍ਹਾਈ ਕੀਤੀ ਹੋਵੇ'। ਧਰਮ ਚੰਦ ਜੀ ਬੋਲੇ, 'ਪੜ੍ਹਾਈ ਤਾਂ ਮੇਰੇ ਮਾਮਾ ਜੀ ਹਰਨਾਮ ਚੰਦ ਨੇ ਵੀ ਬਹੁਤ ਕੀਤੀ ਹੈ। ਉਹਨਾਂ ਦੇ ਨਾਮ ਅੱਗੇ ਤਾਂ ਪੰਡਤ ਲਗਦਾ ਨਹੀਂ'? ਹੁਣ ਪ੍ਰੋਹਿਤ ਜੀ ਨੂੰ ਬਹੁਤ ਸੋਚ ਕੇ ਕਹਿਣਾ ਪਿਆ, 'ਪੜ੍ਹਾਈ ਦੇ ਨਾਲ ਨਾਲ ਉਸ ਦਾ ਜਨਮ ਵੀ ਬ੍ਰਾਹਮਣਾਂ ਦੇ ਘਰ ਹੋਣਾ ਚਾਹੀਦਾ ਹੈ'। ਧਰਮ ਚੰਦ ਜੀ ਨੇ ਫਿਰ ਕਿਹਾ, 'ਅੱਛਾ ਪੰਡਤ ਜੀ – ਇਹ ਦੱਸੋ ਕਿ ਜੇ ਬ੍ਰਹਾਮਣ ਦੇ ਘਰ ਵਿਚ ਜਨਮ ਲਿਆ ਹੋਇਆ ਬੱਚਾ ਪੜ੍ਹਾਈ ਨਾ ਕਰ ਸਕੇ ਤਾਂ ਉਹ ਆਪਣੇ ਨਾਮ ਦੇ ਅੱਗੇ ਪੰਡਤ ਨਹੀਂ ਲਗਾ ਸਕਦਾ'? ਇਸ ਦਾ ਪੰਡਤ ਜੀ ਕੋਲ ਕੋਈ ਜਵਾਬ ਨਹੀਂ ਸੀ। ਫਿਰ ਧਰਮ ਚੰਦ ਜੀ ਨੇ ਕਿਹਾ ਕਿ ਜੋ ਪੜ੍ਹਾਈ ਤੁਸੀਂ ਕੀਤੀ ਹੋਈ ਹੈ, ਇਹ ਆਪਣੇ ਲਈ ਕੀਤੀ ਹੈ ਜਾਂ ਇਹ ਵਿਦਿਆ ਤੁਸੀਂ ਕਿਸੇ ਹੋਰ ਨੂੰ ਵੀ ਦੇ ਸਕਦੇ ਹੋ?' ਪੰਡਤ ਜੀ ਨੇ ਕਿਹਾ, 'ਕੋਈ ਹੋਰ ਹੁੰਦਾ ਤਾਂ ਸ਼ਾਇਦ ਮੈਂ ਨਾਂਹ ਕਰ ਦਿੰਦਾ ਪਰ ਮੈਂ ਤੈਨੂੰ ਸਾਰੀ ਵਿਦਿਆ ਦੇਵਾਂਗਾ।' ਧਰਮ ਚੰਦ ਨਾਲ ਅੱਜ ਹੋਈ ਗੱਲਬਾਤ ਤੋਂ ਪੰਡਤ ਜੀ ਨੇ ਧਰਮ ਚੰਦ ਦੇ ਦਿਮਾਗ ਦਾ ਅੰਦਾਜਾ ਲਗਾ ਲਿਆ ਸੀ ਅਤੇ ਸੋਚ ਲਿਆ ਸੀ ਕਿ ਇਹ ਮੇਰਾ ਬਹੁਤ ਲਾਇਕ ਸ਼ਿਸ਼ ਹੋਵੇਗਾ। ਧਰਮ ਚੰਦ ਜੀ ਨੇ ਕਿਹਾ, 'ਮੈਂ ਮਾਤਾ ਜੀ ਨੂੰ ਬਹੁਤ ਸਾਰੀ ਦਖਸ਼ਣਾ ਦੇਣ ਲਈ ਕਹਾਂਗਾ, ਤੁਸੀਂ ਮੈਨੂੰ ਬਹੁਤ ਸਾਰੀ ਵਿਦਿਆ ਸਿਖਾਇਓ, ਪੰਡਤ ਜੀ'।

ਧਰਮ ਚੰਦ ਦੀ ਪੜ੍ਹਾਈ ਸ਼ੁਰੂ ਹੋ ਗਈ। ਇਹਨਾਂ ਦੀ ਬੁੱਧੀ ਇਤਨੀ ਤੇਜ਼ ਸੀ ਕਿ ਇਹਨਾਂ ਦੇ ਸੁਆਲਾਂ ਦੀ ਝੜੀ ਦਾ ਪੰਡਤ ਜੀ ਨੂੰ ਜੁਆਬ ਦੇਣਾ ਮੁਸ਼ਕਿਲ ਹੋ ਜਾਂਦਾ ਸੀ। ਇਕ ਦਿਨ ਕਹਿਣ ਲੱਗੇ, 'ਪੰਡਤ ਜੀ ਤੁਸੀਂ ਬੋਦੀ ਕਿਉਂ ਰੱਖਦੇ ਹੋ'? ਪੰਡਤ ਜੀ ਕਹਿਣ ਲੱਗੇ, 'ਪੁਰਾਣੇ ਸਮਿਆਂ ਵਿਚ ਬਹੁਤ ਪੜ੍ਹੇ ਲਿਖੇ ਰਿਸ਼ੀ ਮੁਨੀ ਅਤੇ ਗੁਰੂ ਜਨ ਆਪਣੇ ਵਾਲ ਨਹੀਂ ਕਟਾਇਆ ਕਰਦੇ ਸਨ, ਉਸੇ ਰੀਤ ਅਨੁਸਾਰ ਅਸੀਂ ਵੀ ਨਿਸ਼ਾਨੀ ਵਜੋਂ ਵਾਲਾਂ ਦਾ ਕੁਝ ਹਿੱਸਾ ਨਹੀਂ ਕਟਾਉਂਦੇ। ਤੁਸੀਂ ਇਸ ਨੂੰ ਬੋਦੀ ਕਹਿ ਦਿੰਦੇ ਹੋ'। ਧਰਮ ਚੰਦ ਜੀ ਦਾ ਅਗਲਾ ਸੁਆਲ ਤਿਆਰ ਸੀ, 'ਬਹੁਤ ਪੜ੍ਹੇ ਲਿਖੇ ਲੋਕ ਆਪਣੇ ਸਾਰੇ ਵਾਲ ਰੱਖਦੇ ਸਨ, ਤੁਸੀਂ ਘੱਟ ਪੜ੍ਹੇ ਲਿਖੇ ਹੋ ਜੋ ਥੋੜੇ ਵਾਲ ਰੱਖਦੇ ਹੋ'? ਪੰਡਤ ਜੀ ਕੋਲ ਇਸ ਦਾ ਕੋਈ ਜੁਆਬ ਨਹੀਂ ਸੀ। ਪੰਡਤ ਜੀ ਹਰ ਹਫ਼ਤੇ ਪੜ੍ਹਾਉਣ ਲਈ ਆਂਉਦੇ ਸਨ ਤੇ ਧਰਮ ਚੰਦ ਜੀ ਹਰ ਹਫ਼ਤੇ ਹੀ ਕੋਈ ਨਾ ਕੋਈ ਸੁਆਲ ਖੜਾ ਕਰੀ ਰੱਖਦੇ ਸਨ। ਕਈ ਵਾਰੀ ਤਾਂ ਪੰਡਤ ਜੀ ਆਉਂਦੇ ਸਾਰ ਹੀ ਕਹਿ ਦਿੰਦੇ, ਧਰਮ ਚੰਦ, ਪੜ੍ਹਾਈ ਤੋਂ ਬਿਨਾਂ ਕੋਈ ਸੁਆਲ ਨਹੀਂ ਪੁੱਛਣਾ ਪਰ ਅਸਲ ਵਿਚ ਪੰਡਤ ਜੀ ਵੀ ਉਸ ਦੀ ਵਿਦਵਤਾ

ਦੇ ਕਾਇਲ ਸਨ ਅਤੇ ਸੁਆਲਾਂ ਸੁਆਲਾਂ ਵਿਚ ਹੀ ਉਸ ਤੋਂ ਬਹੁਤ ਕੁਝ ਸਿੱਖ ਜਾਂਦੇ ਸਨ। ਧਰਮ ਚੰਦ ਜੀ ਵੀ ਉਹਨਾਂ ਦਾ ਚਿਹਰਾ ਪੜ੍ਹ ਕੇ (ਮੂਡ ਵੇਖਕੇ) ਹੀ ਸੁਆਲ ਕਰਿਆ ਕਰਦੇ ਸਨ। ਇਕ ਦਿਨ ਕਹਿਣ ਲੱਗੇ,'ਪੰਡਤ ਜੀ, ਸਾਰੇ ਪੰਡਤ ਪੜ੍ਹੇ ਲਿਖੇ ਹੁੰਦੇ ਹਨ? ਉਹਨਾਂ ਨੇ ਕਿਹਾ,'ਹਾਂ– ਥੋੜੀ ਜਾਂ ਬਹੁਤੀ – ਪੜ੍ਹਾਈ ਤਾਂ ਕਰਨੀ ਹੀ ਪੈਂਦੀ ਹੈ'। ਉਹਨਾਂ ਨੇ ਫਿਰ ਸੁਆਲ ਕੀਤਾ, ਸਾਰੇ ਪੰਡਤ ਧੋਤੀ ਪਹਿਨਦੇ ਹਨ'? ਪੰਡਤ ਜੀ ਦਾ ਜੁਆਬ ਸੀ,'ਹਾਂ– ਇਹ ਇਕ ਤਰ੍ਹਾਂ ਪੰਡਤਾਂ ਦਾ ਪਹਿਰਾਵਾ ਹੁੰਦਾ ਹੈ'। ਧਰਮ ਚੰਦ ਨੇ ਫਿਰ ਪੁੱਛਿਆ,'ਕੀ ਧੋਤੀ ਅਤੇ ਪੜ੍ਹਾਈ ਦਾ ਆਪਸ ਵਿਚ ਕੋਈ ਸਬੰਧ ਹੈ'? ਪੰਡਤ ਜੀ ਕੋਲ ਇਸ ਦਾ ਕੋਈ ਜੁਆਬ ਨਹੀਂ ਸੀ। ਜਦੋਂ ਪੰਡਤ ਜੀ ਨਿਰ ਉਤਰ ਹੋ ਜਾਂਦੇ ਸਨ ਤਾਂ ਕਿਹਾ ਕਰਦੇ ਧਰਮ ਚੰਦ ਜੇ ਤੂੰ ਹੁਣ ਮੈਂਨੂੰ ਪੁੱਠੇ ਸਿੱਧੇ ਸੁਆਲ ਪੁੱਛੇ ਨਾ, ਤਾਂ ਮੈਂ ਤੇਰੀ ਪੜ੍ਹਾਈ ਬੰਦ ਕਰ ਦੇਣੀ ਹੈ। ਧਰਮ ਚੰਦ ਹੱਸ ਕੇ ਫਿਰ ਬੋਲੇ,'ਪੰਡਤ ਜੀ ਪੁੱਠੇ ਸੁਆਲਾਂ ਤੋਂ ਰੋਕੋ। ਸਿੱਧੇ ਸੁਆਲਾਂ ਤੋਂ ਕਿਉਂ ਰੋਕਦੇ ਹੋ?' ਪੰਡਤ ਜੀ ਹੁਣ ਕੇਵਲ ਮੁਸਕਰਾਏ, ਬੋਲੇ ਕੁਝ ਨਹੀਂ।

ਪੰਡਤ ਜੀ ਤੋਂ ਪੜ੍ਹਾਈ ਕਰਦਿਆਂ ਧਰਮ ਚੰਦ ਨੂੰ 4 ਸਾਲ ਹੋ ਗਏ। ਇਹਨਾਂ ਦੀ ਉਮਰ ਹੁਣ 10 ਸਾਲ ਹੈ। ਹੁਣ ਇਹ ਧਰਮਸਾਲ ਵਿਚ ਹੋ ਰਹੀ ਗੁਰਬਾਣੀ ਕਥਾ ਵਾਰਤਾ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਗਏ ਹਨ। ਇਹਨਾਂ ਦੀ ਉਮਰ ਭਾਂਵੇਂ ਛੋਟੀ ਹੈ ਪਰ ਭੋਗ ਪੈਣ ਤੋਂ ਬਾਅਦ ਵਿਚ ਹੋਣ ਵਾਲੀ ਸਮਾਜਿਕ ਅਤੇ ਰਾਜਨੀਤਿਕ ਚਰਚਾ ਵਿਚ ਹਿੱਸਾ ਲੈਂਦੇ ਰਹਿੰਦੇ ਹਨ। ਕਈ ਅਹਿਮ ਮਸਲਿਆਂ ਤੇ ਉਹਨਾਂ ਦੀ ਸਲਾਹ ਲਈ ਵੀ ਜਾਂਦੀ ਹੈ ਅਤੇ ਮੰਨੀ ਵੀ ਜਾਂਦੀ ਹੈ। ਅੱਜ ਜੋ ਚਰਚਾ ਹੋਈ, ਉਹ ਔਰੰਗਜ਼ੇਬ ਦੇ ਹਿੰਦੂਆਂ ਉਪਰ ਕੀਤੇ ਜਾਂਦੇ ਜ਼ੁਲਮਾਂ ਬਾਰੇ ਸੀ। ਮੁਗਲ ਸੈਨਕਾਂ ਵੱਲੋਂ ਹਿੰਦੂਆਂ ਦੇ ਜ਼ਬਰੀ ਜੰਞੂ ਲਾਹ ਕੇ ਉਹਨਾਂ ਨੂੰ ਇਸਲਾਮ ਧਰਮ ਵਿਚ ਪ੍ਰਵੇਸ਼ ਕਰਾਇਆ ਜਾਂਦਾ ਸੀ। ਇਸ ਮਸਲੇ ਤੇ ਧਰਮ ਚੰਦ ਜੀ ਨੇ ਜੋ ਸਲਾਹ ਦਿੱਤੀ, ਉਹ ਜ਼ਿਕਰ ਯੋਗ ਹੈ। ਉਹਨਾਂ ਨੇ ਕਿਹਾ, 'ਜਿਵੇਂ ਕਿ ਇਹ ਖਬਰਾਂ ਆ ਰਹੀਆਂ ਹਨ ਕਿ ਕਸ਼ਮੀਰੀ ਪੰਡਤਾਂ ਨੇ ਆਨੰਦਪੁਰ ਸਾਹਿਬ ਵਿਚ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਹਿੰਦੂ ਧਰਮ ਨੂੰ ਬਚਾਉਣ ਲਈ ਫ਼ਰਿਆਦ ਕਰਨ ਦੀ ਵਿਚਾਰ ਕੀਤੀ ਹੈ। ਮੇਰੇ ਖਿਆਲ ਅਨੁਸਾਰ ਗੁਰੂ ਸਾਹਿਬ ਜੀ ਉਹਨਾਂ ਦੀ ਫ਼ਰਿਆਦ ਜ਼ਰੂਰ ਸੁਣਨਗੇ ਕਿਉਂਕਿ ਸਾਡੇ ਧਰਮ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਸਿਧਾਂਤ ਹੈ ਕਿ 'ਗਰੀਬ ਅਤੇ ਸਤਾਏ' ਹੋਏ ਲੋਕਾਂ ਦੀ ਰੱਖਿਆ ਕਰੋ। ਪੋਥੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਵੀ ਹੈ: ***"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ"***।

ਧਰਮ ਚੰਦ ਨੇ ਆਪਣੇ ਪਿਤਾ ਅਤੇ ਚਾਚੇ ਨਾਲ ਖੇਤੀਬਾੜੀ ਦੇ ਸਾਰੇ ਕੰਮਾਂ ਵਿਚ ਮੱਦਦ ਕਰਨੀ ਸ਼ੁਰੂ ਕਰ ਦਿੱਤੀ। ਖੇਤਾਂ ਵਿਚ ਹਰ ਸਮੇਂ ਬਾਣੀ ਪੜ੍ਹੀ ਜਾਂਦੀ ਜਾਂ ਸਿਮਰਨ ਚਲਦਾ ਰਹਿੰਦਾ। ਚਾਚਾ ਅਨੰਤ ਸੁੱਖ ਅੱਠਾਂ ਮਹੀਨਿਆਂ ਦੇ ਧਰਮ ਚੰਦ ਰਾਹੀਂ ਮਿਲੀ ਸਰੀਰਕ ਤੰਦਰੁਸਤੀ ਵਾਲੀ ਘਟਨਾ ਨੂੰ ਕਦੀ ਵੀ ਨਹੀਂ ਸੀ ਭੁੱਲਦਾ। ਉਹ ਹੁਣ ਵੀ ਧਰਮ ਚੰਦ ਨੂੰ ਕਰਾਮਾਤੀ ਬਾਲਕ ਹੀ ਸਮਝਦਾ ਹੈ। ਇਸੇ ਨੂੰ ਧਿਆਨ ਵਿਚ ਰੱਖ ਕੇ ਉਹਨਾਂ ਨੇ ਜ਼ਮੀਨ ਤਾਂ ਰਲ ਮਿਲ ਕੇ ਵਾਹ ਕੇ ਤਿਆਰ ਕਰ ਲਈ ਪਰ ਜ਼ਮੀਨ ਵਿਚ ਬੀਜ ਕੇਵਲ ਧਰਮ ਚੰਦ ਤੋਂ ਹੀ ਪਵਾਏ। ਉਹਨਾਂ ਨੇ ਵੀ ਗੁਰੂ ਗੁਰੂ ਜਪਦੇ ਬਿਜਾਈ ਕੀਤੀ। ਕੁਦਰਤ ਨੇ ਸਾਥ ਦਿੱਤਾ। ਬਾਰਸ਼ਾਂ ਐਨ ਮੌਕੇ ਤੇ ਹੋਈਆਂ। ਇਹਨਾਂ ਦੀ ਫ਼ਸਲ ਬਹੁਤ ਹਰੀ ਭਰੀ ਹੋਈ। ਲੋਕਾਂ ਨੇ ਪੁੱਛਣਾ ਸ਼ੁਰੂ ਕਰ ਦਿੱਤਾ, 'ਭਾਈ ਧਰਮ ਚੰਦ ਜੀ, 'ਤੁਸੀਂ ਆਪਣੀ ਫਸਲ ਵਿਚ ਕੀ ਪਾਇਆ ਹੈ?' ਭਾਈ ਧਰਮ ਚੰਦ ਜੀ ਨੇ ਜੁਆਬ ਦੇਣਾ। ਕੁਝ ਵੀ ਨਹੀਂ ਪਾਇਆ ਅਤੇ ਕੁਝ ਵੀ ਤੁਹਾਡੇ ਤੋਂ ਵੱਖਰਾ ਨਹੀਂ ਕੀਤਾ। ਇਹ ਕਿਰਪਾ ਗੁਰੂ ਗੋਬਿੰਦ ਰਾਏ ਜੀ ਦੀ ਹੈ। ਅਸੀਂ ਤਾਂ ਉਹਨਾਂ ਦਾ ਧਿਆਨ ਧਰ ਕੇ ਬੀਜ ਪਾਇਆ ਸੀ। ਬਰਕਤ ਉਹ ਪਾਉਂਦੇ ਹਨ, ਪਰ ਸ਼ਾਬਾਸ਼ ਧਰਮ ਚੰਦ ਨੂੰ ਮਿਲ ਜਾਂਦੀ ਹੈ।

ਭਾਈ ਧਰਮ ਚੰਦ ਜੀ ਦੀ ਉਮਰ 18 ਸਾਲ ਦੀ ਹੋ ਚੁਕੀ ਹੈ। ਉਹ ਕੇਵਲ ਧਰਮਸਾਲ ਜਾ ਕੇ ਕਥਾ ਵਾਰਤਾ ਸੁਣਦੇ ਕਰਦੇ ਹੀ ਨਹੀਂ ਸਨ। ਕੇਵਲ ਨਾਮ ਦੀ ਕਮਾਈ ਹੀ ਨਹੀਂ ਕਰਦੇ ਸਨ। ਸਗੋਂ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਕਰਮ ਵੀ ਕਰਦੇ ਸਨ। ਗਰੀਬਾਂ ਦੀ ਸਹਾਇਤਾ ਕਰਨੀ, ਹਿੰਦੂ ਮੁਸਲਮਾਨਾਂ ਨੂੰ ਆਪਣੇ ਧਰਮ ਵਿਚ ਪੱਕੇ ਰਹਿਣ ਦੀ ਪ੍ਰੇਰਨਾਂ ਕਰਨੀ, ਟੁੱਟੇ ਰਸਤੇ ਠੀਕ ਕਰਾਉਣੇ, ਰਸਤਿਆਂ ਵਿਚ ਪਾਣੀ ਲਈ ਪਿਆਓ ਲਵਾਉਣੇ, ਬੀਮਾਰਾਂ ਅਤੇ ਬਜ਼ੁਰਗਾਂ ਦੀ ਦੁਆਈ ਦਾਰੂ ਕਰਨ ਵਰਗੇ ਕੰਮ ਕਰਦੇ ਰਹਿੰਦੇ ਸਨ। ਹੁਣ ਤੱਕ ਇਸ ਧਰਮੀ ਜਿਉੜੇ ਦੀ ਸੋਭਾ ਦੂਰ ਦੂਰ ਤਕ ਫੈਲ ਚੁੱਕੀ ਸੀ। ਉਹਨਾਂ ਲਈ ਕਈ ਰਿਸ਼ਤਿਆਂ ਦੀ ਦੱਸ ਲੋਕਾਂ ਵੱਲੋਂ ਪਾਈ ਗਈ। ਪਰ ਧੁਰ ਤੋਂ ਇਹਨਾਂ ਦੇ ਸੰਜੋਗ ਗੁਰੂ ਘਰ ਦੇ ਸਿੱਖ ਬਿਜਨੌਰ ਨਿਵਾਸੀ ਭਾਈ ਕਲਿਆਣਾ ਜੀ ਦੀ ਸਪੁੱਤਰੀ ਬੀਬੀ ਸੁਖਵੰਤੀ ਜੀ ਨਾਲ ਲਿਖੇ ਹੋਏ ਸਨ। 9 ਮਾਰਚ, 1689 ਈਸਵੀ ਨੂੰ ਇਹਨਾਂ ਦੇ ਵਿਆਹ ਦੀ ਰਸਮ ਸੰਪੂਰਨ ਹੋਈ। ਬੀਬੀ ਸੁਖਵੰਤੀ ਜੀ ਵੀ ਗੁਰੂ ਘਰ ਨਾਲ ਬਚਪਨ ਤੋਂ ਹੀ ਜੁੜੇ ਹੋਏ ਸਨ। ਇਸ ਲਈ ਇਹਨਾਂ ਦੇ ਸਿਮਰਨ ਸੇਵਾ ਵਿਚ ਕੋਈ ਫ਼ਰਕ ਨਹੀਂ ਪਿਆ। ਸਮਾਂ ਪਾਕੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਇਹਨਾਂ ਦੇ ਘਰ ਪਹਿਲੀ ਸੰਤਾਨ ਪੁੱਤਰੀ ਤਰਨ ਦੇਈ ਦੀ ਬਖਸ਼ਿਸ਼ ਹੋਈ। ਉਸਤੋਂ ਬਾਅਦ ਤਿੰਨ

ਪੁੱਤਰ ਭਾਈ ਫ਼ਕੀਰ ਚੰਦ, ਭਾਈ ਅਮੀਰ ਚੰਦ ਅਤੇ ਭਾਈ ਵੀਰ ਚੰਦ ਹੋਏ।

ਭਾਈ ਧਰਮ ਚੰਦ ਜੀ ਰਹਿੰਦੇ ਭਾਂਵੇਂ ਹਸਤਨਾਪੁਰ ਸਨ, ਪਰ ਮਨ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਜੋੜੀ ਰੱਖਦੇ ਸਨ ਕਿਉਂਕਿ ਸਤਿਸੰਗ ਵਿਚੋਂ ਮਿਲੀ ਗੁਰੂ ਦੀ ਮੱਤ ਅਨੁਸਾਰ ਸਿਮਰਨ ਤਾਂ ਚਲਦਾ ਹੀ ਰਹਿੰਦਾ ਸੀ।। *'ਮੇਲਾ ਸੰਜੋਗੀ ਰਾਮ'* ਦੇ ਮਹਾਂਵਾਕ ਅਨੁਸਾਰ ਪਹਿਲੀ ਵਾਰ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸਬੱਬ 25 ਸਾਲ ਦੀ ਉਮਰ ਵਿਚ ਸੰਨ 1695 ਈਸਵੀ ਨੂੰ ਬਣਿਆਂ ਜਦੋਂ ਉਹ ਦਿੱਲੀ ਦੀ ਧਰਮਸਾਲ ਵਿਚ ਸਤਿਸੰਗ ਸੁਣਨ ਲਈ ਗਏ ਸਨ। ਉਥੇ ਭਾਈ ਆਲਾ ਜੀ ਅਤੇ ਭਾਈ ਤੇਜਾ ਜੀ ਨਾਲ ਮਿਲਾਪ ਹੋਇਆ। ਉਹ ਹਰ ਸਾਲ ਵਿਸਾਖੀ ਤੇ ਜੱਥਾ ਲੈ ਕੇ ਆਨੰਦਪੁਰ ਸਾਹਿਬ ਜਾਂਦੇ ਸਨ; ਭਾਈ ਧਰਮ ਚੰਦ ਨੂੰ ਉਹਨਾਂ ਨੇ ਨਵੀਂ ਸੰਗਤ ਸਮਝਦੇ ਹੋਏ ਗੁਰੂ ਕੀ ਸਿੱਖੀ ਨਾਲ ਜੁੜਨ ਅਤੇ ਆਨੰਦਪੁਰ ਸਾਹਿਬ ਜਾਣ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਆਪਣੇ ਸਾਰੇ ਪਰਿਵਾਰ ਦੇ ਨਾਮ ਲਿਖਵਾ ਦਿੱਤੇ ਅਤੇ ਚੱਲਣ ਦਾ ਸਮਾਂ ਪੁੱਛ ਲਿਆ।

ਭਾਈ ਧਰਮ ਚੰਦ ਜੀ ਦਾ ਸਾਰਾ ਪਰਿਵਾਰ, ਇਹਨਾਂ ਦਾ ਨਾਨਕਾ ਪਰਿਵਾਰ ਅਤੇ ਇਹਨਾਂ ਦਾ ਸਹੁਰਾ ਪਰਿਵਾਰ ਅਤੇ ਹਸਤਨਾਪੁਰ ਦੀ ਹੋਰ ਸੰਗਤ ਨੇ ਮਿਥੇ ਸਮੇਂ ਤੇ ਧਰਮਸਾਲ ਤੋਂ ਅਰਦਾਸ ਕਰਨ ਉਪਰੰਤ ਚਾਲੇ ਪਾਏ। ਇਹ ਸੰਗਤ ਮੰਜ਼ਿਲ ਤੈਅ ਕਰਦੀ ਦਿੱਲੀ ਦੀ ਸੰਗਤ ਨਾਲ ਮਿਲ ਕੇ ਇਕ ਵੱਡੇ ਜੱਥੇ ਦਾ ਰੂਪ ਧਾਰਨ ਕਰ ਗਈ। ਰਸਤੇ ਵਿਚ ਡੇਰਾ ਕਰਦੀ ਸੰਗਤ ਆਨੰਦਪੁਰ ਸਾਹਿਬ ਪੁੱਜ ਜਾਂਦੀ ਹੈ। ਸਮਾਂ ਹੈ – 28 ਮਾਰਚ, 1695 ਈਸਵੀ। ਅਗਲੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਸੰਗਤ ਨਾਲ ਬਚਨ ਕਰਨ ਦਾ ਸਮਾਂ ਗੁਰੂ ਸਾਹਿਬ ਜੀ ਵੱਲੋਂ ਦਿੱਤਾ ਜਾਂਦਾ ਹੈ। ਸਾਰੀ ਸੰਗਤ ਆਰਾਮ ਕਰਕੇ ਦੀਵਾਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਡਾਲ ਵਿਚ ਪੁੱਜ ਚੁੱਕੀ ਹੈ। ਗੁਰਬਾਣੀ ਦੇ ਪਾਠ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ ਹੈ। ਗੁਰੂ ਸਾਹਿਬ ਜੀ ਵੀ ਦੀਵਾਨ ਵਿਚ ਹਾਜ਼ਰ ਹੋ ਚੁੱਕੇ ਹਨ। ਕੀਰਤਨ ਦੀ ਸਮਾਪਤੀ ਹੋਈ। ਅਰਦਾਸ ਅਤੇ ਪੋਥੀ ਸਾਹਿਬ ਵਿਚੋਂ ਵਾਕ ਲੈਣ ਉਪਰੰਤ ਭਾਈ ਦਇਆ ਰਾਮ ਜੀ ਨੇ ਗੁਰੂ ਸਾਹਿਬ ਜੀ ਨੂੰ ਦਿੱਲੀ ਅਤੇ ਹਸਤਨਾਪੁਰ ਦੀ ਸੰਗਤ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਇਹਨਾਂ ਨੇ ਧਰਮਸਾਲ ਦੀ ਭੇਟਾ ਖਜ਼ਾਨੇ ਵਿਚ ਜਮਾਂ ਕਰਵਾ ਦਿੱਤੀ ਹੈ। ਹੁਣ ਸਾਰੀ ਸੰਗਤ ਨਾਲ ਜੱਥੇਦਾਰ ਭਾਈ ਆਲਾ ਜੀ, ਦਿੱਲੀ ਨਿਵਾਸੀ ਮੁਲਾਕਾਤ ਕਰਵਾਉਣਗੇ। ਜੱਥੇਦਾਰ ਜੀ ਨੇ ਸੱਭ ਤੋਂ ਪਹਿਲਾਂ ਭਾਈ ਪਰਮ ਸੁੱਖ ਜੀ ਦੇ ਪਰਿਵਾਰ ਨੂੰ ਹੀ ਖੜਾ ਕੀਤਾ ਹੈ, ਅਤੇ ਸਾਰੀ ਜਾਣਕਾਰੀ ਦਿੱਤੀ। ਇਤਨੀ ਦੇਰ ਤੱਕ

ਭਾਈ ਧਰਮ ਚੰਦ ਜੀ ਗੁਰੂ ਸਾਹਿਬ ਜੀ ਕੋਲ ਪੁੱਜ ਕੇ ਆਪਣੇ ਵੱਲੋਂ ਲਿਆਂਦੀ ਪੋਸ਼ਾਕ ਗੁਰੂ ਸਾਹਿਬ ਜੀ ਨੂੰ ਭੇਟ ਕਰਕੇ ਚਰਨਾਂ ਤੇ ਮੱਥਾ ਟੇਕਣ ਲਈ ਝੁਕਣ ਹੀ ਲੱਗੇ ਸਨ ਕਿ ਗੁਰੂ ਸਾਹਿਬ ਜੀ ਤਖ਼ਤ ਤੋਂ ਉਠ ਕੇ ਖੜੇ ਹੋ ਗਏ ਹਨ ਅਤੇ ਭਾਈ ਧਰਮ ਚੰਦ ਜੀ ਨੂੰ ਆਪਣੇ ਸੀਨੇ ਨਾਲ ਲਗਾਇਆ ਲਿਆ। ਪਿੱਠ ਤੇ ਥਾਪੜਾ ਦੇ ਰਹੇ ਹਨ ਅਤੇ ਮੁੱਖ ਤੋਂ ਉਚਾਰਨ ਕੀਤਾ, "ਬੜੀ ਦੇਰ ਲਾ ਦਿੱਤੀ 'ਪਿਆਰੇ ਜੀ' ਅਸਾਡੇ ਕੋਲ ਆਉਂਦੇ ਆਉਂਦੇ"। ਭਾਈ ਧਰਮ ਚੰਦ ਜੀ ਦੀਆਂ ਅੱਖਾਂ ਵਿਚੋਂ 'ਬੈਰਾਗ' ਪਾਣੀ ਦੇ ਰੂਪ ਵਿਚ ਵਹਿਣ ਲੱਗ ਪਿਆ। ਕੁਝ ਦੇਰ ਤਾਂ ਉਹਨਾਂ ਤੋਂ ਬੋਲਿਆ ਹੀ ਨਹੀਂ ਗਿਆ। ਜਦੋਂ ਬੋਲਿਆ ਤਾਂ ਕੇਵਲ ਇਤਨਾ ਕਿ 'ਭੁੱਲ ਹੋ ਗਈ ਸਤਿਗੁਰੂ ਜੀ, ਬਖ਼ਸ਼ ਲਓ'।

ਦੀਵਾਨ ਦੀ ਸਮਾਪਤੀ ਹੋਈ। ਭਾਈ ਧਰਮ ਚੰਦ ਨੇ ਆਪਣੇ ਪਰਿਵਾਰ ਨਾਲ ਸਲਾਹ ਕੀਤੀ ਅਤੇ ਗੁਰੂ ਸਾਹਿਬ ਜੀ ਦੇ ਕੋਲ ਆਨੰਦਪੁਰ ਸਾਹਿਬ ਵਿਚ ਰਹਿਣ ਲਈ ਆਗਿਆ ਮੰਗੀ। ਉਸ ਨੇ ਕਿਹਾ, ਗੁਰੂ ਸਹਿਬ ਜੀ ਨੇ ਜਦੋਂ ਤੋਂ ਮੈਨੂੰ ਆਪਣੇ ਸੀਨੇ ਨਾਲ ਲਗਾਇਆ ਹੈ, ਮੇਰਾ ਰੋਮ ਰੋਮ ਮੈਂਨੂੰ ਲਾਹਨਤਾਂ ਪਾ ਰਿਹਾ ਹੈ ਕਿ ਗੁਰੂ ਜੀ ਕੋਲ ਆਉਣ ਲਈ ਕਦੀ ਤੈਂਨੂੰ ਫੁਰਨਾ ਕਿਉਂ ਨਹੀਂ ਫੁਰਿਆ? ਹੁਣ ਮੇਰਾ ਇਥੋਂ ਜਾਣ ਲਈ ਚਿਤ ਨਹੀਂ ਕਰਦਾ। ਮਾਤਾ ਪਿਤਾ ਨੇ ਵਿਚਾਰ ਕੇ ਇਹ ਫੈਸਲਾ ਕੀਤਾ ਕਿ ਭਾਈ ਧਰਮ ਚੰਦ ਜੀ ਦੇ ਨਾਲ ਇਹਨਾਂ ਦੀ ਪਤਨੀ ਬੀਬੀ ਸੁਖਵੰਤੀ ਅਤੇ ਦੋ ਛੋਟੇ ਪੁੱਤਰ ਅਮੀਰ ਚੰਦ ਅਤੇ ਵੀਰ ਚੰਦ ਵੀ ਅਂਨਦਪੁਰ ਸਾਹਿਬ ਵਿਚ ਹੀ ਰਹਿਣਗੇ। ਅਗਲੇ ਦਿਨ ਭਾਈ ਧਰਮ ਚੰਦ ਜੀ ਨੇ ਆਪਣਾ ਫੈਸਲਾ ਗੁਰੂ ਸਾਹਿਬ ਜੀ ਨੂੰ ਦੱਸ ਕੇ ਉਹਨਾਂ ਤੋਂ ਵੀ ਪ੍ਰਵਾਨਗੀ ਲੈ ਲਈ। ਗੁਰੂ ਸਾਹਿਬ ਜੀ ਨੇ ਇਹਨਾਂ ਨੂੰ ਭਾਈ ਦਇਆ ਰਾਮ ਜੀ ਦੇ ਹਵਾਲੇ ਕਰ ਦਿੱਤਾ। ਹੁਣ ਭਾਈ ਧਰਮ ਚੰਦ ਜੀ ਦੀ ਗੁਰਮਤਿ ਦੀ ਪੜ੍ਹਾਈ ਆਰੰਭ ਹੋਈ। 1699 ਦੀ ਵਿਸਾਖੀ ਤੱਕ 4 ਸਾਲ ਉਹਨਾਂ ਨੇ ਬਹੁਤ ਮਿਹਨਤ ਕੀਤੀ। ਇਤਨੇ ਥੋੜੇ ਸਮੇਂ ਵਿਚ ਹਰ ਤਰ੍ਹਾਂ ਦੀ ਵਿਦਿਆ ਸਿੱਖਣ ਵਿਚ ਉਹਨਾਂ ਦੇ ਤੇਜ਼ ਦਿਮਾਗ ਨੇ ਵੀ ਬਹੁਤ ਸਾਥ ਦਿੱਤਾ। ਵਿਸਾਖੀ ਵਾਲੇ ਦਿਨ ਜਦੋਂ ਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਜੀ ਤੋਂ ਬਾਅਦ ਸੀਸ ਦੀ ਮੰਗ ਦੁਹਰਾਈ ਤਾਂ ਦੂਸਰੇ ਨੰਬਰ ਤੇ ਉਹਨਾਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਪੰਜ ਪਿਆਰਿਆਂ ਵਿਚ ਆਪਣੀ ਜਗ੍ਹਾ ਬਣਾ ਲਈ।

ਉਹਨਾਂ ਨੇ ਆਨੰਦਪੁਰ ਸਾਹਿਬ ਦੀਆਂ ਚਾਰੇ ਜੰਗਾਂ ਵਿਚ ਹਿੱਸਾ ਲਿਆ। ਸਰਸਾ ਦੇ ਕਿਨਾਰੇ ਜਦੋਂ ਪਰਿਵਾਰ ਵਿਛੜ ਗਿਆ ਤਾਂ ਉਹ ਗੁਰੂ ਸਾਹਿਬ ਜੀ ਦੇ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ ਆ ਗਏ। ਜਦੋਂ ਸਿੰਘਾਂ ਦੀ ਸਲਾਹ ਤੇ ਗੁਰੂ ਸਾਹਿਬ ਜੀ ਵੱਲੋਂ ਚਮਕੌਰ ਦੀ ਗੜ੍ਹੀ ਵਿਚ ਬਚੇ ਸਿੰਘਾਂ ਨੂੰ ਛੱਡ ਕੇ ਜਾਣ ਤੋਂ ਇਨਕਾਰ ਕਰ ਦਿੱਤਾ ਗਿਆ

ਤਾਂ ਜਿਹਨਾਂ ਪੰਜ ਸਿੰਘਾਂ ਨੇ 'ਗੁਰੂ ਰੂਪ ਖਾਲਸਾ' ਦੇ ਅਧਿਕਾਰਾਂ ਦੀ ਵਰਤੋਂ ਕਰਕੇ ਗੁਰਮਤਾ ਕੀਤਾ, ਉਹਨਾਂ ਵਿਚ ਭਾਈ ਧਰਮ ਸਿੰਘ ਜੀ ਵੀ ਸ਼ਾਮਲ ਸਨ। ਗੁਰਮਤੇ ਵਿਚ ਗੁਰੂ ਸਾਹਿਬ ਜੀ ਨੂੰ ਹੁਕਮ ਕੀਤਾ ਗਿਆ ਕਿ "ਖਾਲਸੇ ਨੂੰ ਆਪ ਜੀ ਦੀ ਅਗਵਾਈ ਦੀ ਲੋੜ ਹੈ ਇਸ ਲਈ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਕਿਸੇ ਸੁਰਖਿਅਤ ਥਾਂ ਤੇ ਚਲੇ ਜਾਓ।" ਉਸ ਤੋਂ ਬਾਅਦ ਗੁਰੂ ਸਾਹਿਬ ਜੀ ਵੱਲੋਂ ਫੈਸਲਾ ਲਿਆ ਗਿਆ ਕਿ ਉਹਨਾਂ ਦੇ ਨਾਲ ਗੜ੍ਹੀ ਨੂੰ ਛੱਡ ਕੇ ਜਾਣ ਵਾਲੇ ਤਿੰਨ ਸਿੰਘਾਂ ਵਿਚ ਭਾਈ ਧਰਮ ਸਿੰਘ ਜੀ ਵੀ ਸ਼ਾਮਲ ਹੋਣਗੇ।

ਗੁਰੂ ਸਾਹਿਬ ਜੀ ਦੇ ਨਾਂਦੇੜ ਵਿਖੇ ਜੋਤੀ ਜੋਤ ਸਮਾਉਣ ਤੱਕ ਭਾਈ ਧਰਮ ਸਿੰਘ ਜੀ ਨੇ ਜਿਵੇਂ ਆਪਣਾ ਧਰਮ ਨਿਭਾਇਆ, ਉਸ ਦਾ ਸਾਰਾ ਵੇਰਵਾ ਪਿਆਰੇ ਭਾਈ ਦਇਆ ਸਿੰਘ ਜੀ ਦੀ ਜੀਵਨੀ ਵਿਚ ਆ ਚੁੱਕਿਆ ਹੈ, ਇਸ ਲਈ ਇਥੇ ਦੁਹਰਾਇਆ ਨਹੀਂ ਜਾ ਰਿਹਾ। ਪਰ ਉਸ ਤੋਂ ਬਾਅਦ ਦੀਆਂ ਘਟਨਾਵਾਂ ਦਾ ਵਰਣਨ ਕਰਨਾ ਜ਼ਰੂਰੀ ਹੈ।

ਜਦੋਂ ਭਾਈ ਦਇਆ ਸਿੰਘ ਜੀ ਆਪਣੀ ਸਰੀਰਕ ਉਮਰ ਸੰਪੂਰਨ ਕਰਕੇ ਸੱਚਖੰਡ ਵਿਚ ਜਾ ਬਿਰਾਜੇ, ਉਸ ਸਮੇਂ ਤੱਕ ਭਾਈ ਧਰਮ ਸਿੰਘ ਜੀ ਦੀ ਉਮਰ 38 ਸਾਲ ਦੀ ਹੋ ਚੁੱਕੀ ਹੈ। ਇਕ ਦਿਨ ਵੈਦ ਰਵੇਲ ਸਿੰਘ ਜੀ ਨੇ ਉਹਨਾਂ ਨੂੰ ਪੁੱਛਿਆ, 'ਆਪ ਜੀ ਤਾਂ ਸਦਾ ਹੀ ਸਹਿਜ ਅਵਸਥਾ ਵਿਚ ਰਹਿੰਦੇ ਹੋ, ਫਿਰ ਉਦਾਸੀ ਕਿਉਂ? ਤਾਂ ਉਹਨਾਂ ਨੇ ਕਿਹਾ, "ਆਪਣੀ ਜ਼ਿੰਦਗੀ ਦੀ ਸੱਭ ਤੋਂ ਵੱਡੀ ਭੁੱਲ, ਜਿਸ ਨੂੰ ਮੈਂ ਕਦੀ ਵੀ ਮੁਆਫ਼ ਨਹੀਂ ਕਰ ਸਕਦਾ, ਇਹ ਹੈ ਕਿ ਗੁਰੂ ਘਰ ਨਾਲ ਜਨਮ ਤੋਂ ਹੀ ਜੁੜੇ ਹੋਏ ਹੋਣ ਦੇ ਬਾਵਯੂਦ ਮੈਂ 25 ਸਾਲ ਤੱਕ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਨਹੀਂ ਆਇਆ। ਆਨੰਦਪੁਰ ਸਾਹਿਬ ਵਿਚ ਆਉਣ ਤੇ ਗੁਰੂ ਸਾਹਿਬ ਜੀ ਨੇ ਮੈਨੂੰ ਭਾਈ ਦਇਆ ਸਿੰਘ ਜੀ ਦੇ ਸਪੁਰਦ ਕਰ ਦਿੱਤਾ। ਉਹਨਾਂ ਨੇ ਗੁਰੂ ਪਿਆਰ ਅਤੇ ਸ਼ਰਧਾ ਭਾਵਨਾ ਦੇ ਜੋ ਬਚਨ ਸੁਣਾਏ, ਉਸੇ ਦਾ ਸਦਕਾ ਮੈਂ ਗੁਰੂ ਸਾਹਿਬ ਜੀ ਦੇ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਸਕਿਆ ਹਾਂ। ਅੱਜ ਤੇਰਾਂ ਸਾਲ ਦੇ ਸਾਥ ਤੋਂ ਬਾਅਦ ਉਹ ਵੀ ਤੁਰ ਗਏ ਹਨ। ਅੱਜ ਦਿਲ ਕਰਦਾ ਹੈ ਕਿ ਮੈਂ ਵੀ ਪੰਜਾਬ ਵਿਚ ਜਾ ਕੇ ਬੰਦਾ ਬਹਾਦਰ ਜੀ ਦੇ ਨਾਲ ਮਿਲ ਕੇ ਪਾਪੀਆਂ ਨੂੰ ਸੋਧਾ ਲਾਵਾਂ ਅਤੇ ਸ਼ਹੀਦੀ ਪਾਵਾਂ ਪਰ ਗੁਰੂ ਸਾਹਿਬ ਜੀ ਦਾ ਹੁਕਮ ਨਾਂਦੇੜ ਨੂੰ ਛੱਡ ਕੇ ਜਾਣ ਦਾ ਨਹੀਂ ਹੈ। ਇਸ ਲਈ ਮੈਂ ਬਹੁਤ ਉਦਾਸ ਹਾਂ। ਗੁਰੂ ਸਾਹਿਬ ਜੀ, ਜੋ ਇਥੇ ਹੀ ਹਾਜ਼ਰ ਨਾਜ਼ਰ ਹਨ, ਆਪਣੀ ਕਿਰਪਾ ਕਰਨ, ਮੈਨੂੰ ਇਸ ਹਾਲਤ ਤੋਂ ਬਾਹਰ ਕੱਢ ਕੇ ਅਗਲੀ ਸੇਵਾ ਲੈ ਲੈਣ"।

ਇਕ ਦਿਨ ਅੰਮ੍ਰਿਤ ਵੇਲੇ ਗੋਦਾਵਰੀ ਵਿਚ ਇਸ਼ਨਾਨ ਕਰਕੇ ਵਾਹਿਗੁਰੂ ਮੰਤਰ ਦਾ ਜਾਪ ਆਰੰਭ ਕੀਤਾ ਹੀ ਸੀ ਕਿ ਨੀਂਦ ਦਾ ਝੋਕਾ ਆਇਆ ਅਤੇ ਨਾਲ ਹੀ ਸੁਪਨਾ ਆਰੰਭ ਹੋ ਗਿਆ,"ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਰਸ਼ਨ ਦੇ ਕਰਕੇ ਕਿਹਾ, ਭਾਈ ਧਰਮ ਸਿੰਘ ਜੀ ਤੁਸੀਂ ਉਦਾਸ ਨਾ ਹੋਵੋ, ਅਸੀਂ ਹਮੇਸ਼ਾਂ ਤੁਹਾਡੇ ਅੰਗ ਸੰਗ ਹਾਂ। ਤੁਹਾਨੂੰ ਸੌਂਪੇ ਹੋਏ ਕਾਰਜ ਅਸੀਂ ਤੁਹਾਡੇ ਕੋਲੋਂ ਆਪ ਹੀ ਪੂਰੇ ਕਰਵਾ ਲੈਣੇ ਹਨ, ਬੱਸ ਤੁਸੀਂ ਚੜ੍ਹਦੀ ਕਲਾ ਵਿਚ ਹੋ ਜਾਵੋ"। ਇਸ ਦਿਨ ਤੋਂ ਬਾਅਦ ਉਹਨਾਂ ਦਾ ਮਨ ਕਦੇ ਵੀ ਉਦਾਸ ਨਹੀਂ ਹੋਇਆ। ਉਹਨਾਂ ਨੇ ਧਰਮ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰ ਦਿੱਤਾ। ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਉਹ ਬਿਦਰ ਪਹੁੰਚੇ। ਉਥੇ ਉਹਨਾਂ ਦਾ ਮੇਲ ਪਿਆਰੇ




ਭਾਈ ਸਾਹਿਬ ਸਿੰਘ ਜੀ ਦੇ ਮਾਤਾ ਪਿਤਾ ਅਤੇ ਉਹਨਾਂ ਦੇ ਦੋ ਪੁੱਤਰਾਂ ਭਾਈ ਗੁਰਦਿਆਲ ਸਿੰਘ ਅਤੇ ਭਾਈ ਗੁਰਲਾਲ ਸਿੰਘ ਜੀ ਨਾਲ ਹੋਇਆ। ਉਹਨਾਂ ਕੋਲ ਰਹਿਕੇ ਸਾਰੀ ਵਾਰਤਾ ਸੁਣਾਈ। ਪਿਤਾ ਭਾਈ ਗੁਰ ਨਰਾਇਣ ਸਿੰਘ ਜੀ ਨੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਕਿ ਉਹਨਾਂ ਨੇ ਭਾਈ ਸਾਹਿਬ ਸਿੰਘ ਤੋਂ ਆਪ ਹੀ ਸੇਵਾ ਲਈ ਹੈ। ਫਿਰ ਉਹਨਾਂ ਨੇ ਆਪਣੇ ਦੋਹਾਂ ਪੋਤਿਆਂ ਨੂੰ ਭਾਈ ਧਰਮ ਸਿੰਘ ਜੀ ਦੇ ਸੁਪਰਦ ਕੀਤਾ ਤੇ ਕਿਹਾ ਕਿ ਹੁਣ ਇਹ ਆਪ ਦੇ ਹੁਕਮ ਅਨੁਸਾਰ ਸੇਵਾ ਕਰਨਗੇ।

ਨਾਂਦੇੜ ਦੀ ਧਰਤੀ ਤੇ ਉਹਨਾਂ ਨੇ ਗੁਰੂ ਸਾਹਿਬ ਜੀ ਵੱਲੋਂ ਦੱਸੇ ਪੰਜ ਕਾਰਜ ਸੰਪੂਰਨ ਕੀਤੇ। ਪਹਿਲਾ- ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਸੰਥਿਆ ਅਰਥਾਂ ਸਮੇਤ ਕਰਵਾਈ। ਦੂਸਰਾ - ਤੰਤੀ ਸਾਜਾਂ ਨਾਲ ਕੀਰਤਨ ਦੀ ਸਿਖਲਾਈ ਕਰਾਉਣ ਦਾ ਪ੍ਰਬੰਧ ਕੀਤਾ। ਤੀਸਰਾ - ਭਾਈ ਰਵੇਲ ਸਿੰਘ ਜੀ ਵੈਦ ਦੀ ਅਗਵਾਈ ਵਿਚ ਦਵਾਈ ਖਾਨਾ ਖੋਲਿਆ ਜਿਥੇ ਗਰੀਬ ਲੋਕਾਂ ਦੇ ਮੁਫ਼ਤ ਇਲਾਜ ਦੀ ਸੇਵਾ ਸ਼ੁਰੂ ਕੀਤੀ। ਚੌਥਾ- ਜਿਥੇ ਜਿਥੇ ਗੁਰੂ ਸਾਹਿਬ ਜੀ ਨੇ ਕੌਤਕ ਰਚੇ, ਉਥੇ ਉਥੇ ਧਰਮਸਾਲ ਦੀ ਉਸਾਰੀ ਸ਼ੁਰੂ ਕਰਵਾਈ। ਪੰਜਵਾਂ- ਸ਼ਸਤਰ ਵਿਦਿਆ ਦੀ ਸਿਖਲਾਈ ਦਾ ਕੇਂਦਰ ਖੋਲਿਆ।

ਆਪਣੇ ਆਖਰੀ ਸਮੇਂ ਤੱਕ ਇਹਨਾਂ ਕਾਰਜਾਂ ਦੀ ਆਪ ਦੇਖ ਰੇਖ ਕਰਦੇ ਰਹੇ। ਗੁਰੂ ਸਾਹਿਬ ਜੀ ਦੇ ਹੁਕਮਾਂ ਤੇ ਪਹਿਰਾ ਦਿੰਦੇ ਹੋਏ ਅਕਾਲ ਪੁਰਖ ਵੱਲੋਂ ਦਿੱਤੀ ਸੁਆਸਾਂ ਦੀ ਪੂੰਜੀ ਨੂੰ ਸਫਲਾ ਕਰਦੇ ਹੋਏ ਮਿਤੀ 10 ਜੂਨ, 1711 ਈਸਵੀ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਸ ਦਿਨ ਤੱਕ ਉਹਨਾਂ ਦੀ ਕੁੱਲ ਸੰਸਾਰਕ ਉਮਰ ਸੀ - 41 ਸਾਲ 01 ਮਹੀਨਾ ਅਤੇ 29 ਦਿਨ।

**********************************

# ਪਿਆਰੇ ਭਾਈ ਹਿੰਮਤ ਸਿੰਘ ਜੀ

'ਜਗਨ ਨਾਥ ਪੁਰੀ'– ਹਿੰਦੂ ਆਸਥਾ ਦਾ ਇਕ ਪੁਰਾਤਨ ਸ਼ਹਿਰ ਹੈ, ਜੋ ਅੱਜ ਕੱਲ ਉੜੀਸਾ ਰਾਜ ਵਿਚ ਪੈਂਦਾ ਹੈ। ਇਥੇ ਸ੍ਰੀ ਜਗਨ ਨਾਥ ਜੀ ਦਾ ਮੰਦਰ ਹੈ। ਇਸ ਅਸਥਾਨ ਤੇ ਜਦੋਂ ਧੰਨ ਗੁਰੂ ਨਾਨਕ ਸਾਹਿਬ ਜੀ ਪਹੁੰਚੇ ਤਾਂ ਪੁਜਾਰੀ ਮੰਦਰ ਵਿਚ




ਸਥਾਪਿਤ ਭਗਵਾਨ ਜੀ ਦੀਆਂ ਮੂਰਤੀਆਂ ਦੀ ਉਥੋਂ ਦੀ ਪ੍ਰੰਪਰਾ ਅਨੁਸਾਰ ਥਾਲ ਵਿਚ ਦੀਵੇ ਜਗਾ ਕੇ ਆਰਤੀ ਉਤਾਰ ਰਹੇ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਸਮਝਾਉਣ ਲਈ ਧਨਾਸਰੀ ਰਾਗ ਵਿਚ ਆਰਤੀ ਦਾ ਉਚਾਰਨ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ 13 ਉੱਪਰ ਦਰਜ ਹੈ। ਜਿਸ ਦੇ ਅਰਥ ਹਨ ਕਿ ਪ੍ਰਮਾਤਮਾਂ ਦੀ ਆਰਤੀ ਤਾਂ ਕੁਦਰਤ ਸਦਾ ਹੀ ਕਰ ਰਹੀ ਹੈ, ਸਾਰਾ ਆਕਾਸ਼ ਇਕ ਥਾਲ ਬਣਾਇਆ ਹੋਇਆ ਹੈ ਜਿਸ ਵਿਚ ਸੂਰਜ, ਚੰਦਰਮਾ ਅਤੇ ਤਾਰੇ ਆਦਿਕ ਅਨੇਕਾਂ ਦੀਵੇ ਬਲ ਰਹੇ ਹਨ।

ਬਨਾਸਪਤੀ ਦੀ ਸੁਗੰਧ ਧੂਪ ਦਾ ਕੰਮ ਕਰ ਰਹੀ ਹੈ। ਹਵਾ ਚੌਰ ਕਰ ਰਹੀ ਹੈ। ਇਸ ਸ਼ਬਦ ਦਾ ਮੂਲ ਪਾਠ ਹੈ:-

*ਧਨਾਸਰੀ ਮਹਲਾ ੧*
*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥*

ਸ੍ਰੀ ਜਗਨ ਨਾਥ ਮੰਦਰ ਤੋਂ ਥੋੜੀ ਦੂਰੀ ਉਪਰ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿਚ ਗੁਰੂਦਵਾਰਾ ਆਰਤੀ ਸਾਹਿਬ ਬਣਿਆ ਹੋਇਆ ਹੈ। ਪੁਰਾਤਨ ਸਮੇਂ ਤੋਂ ਹੀ




ਸੰਗਤ ਇਥੇ ਧਰਮਸਾਲ ਉਸਾਰ ਕੇ ਗੁਰੂ ਜਸ ਕਰਨ ਲੱਗ ਪਈ ਸੀ।

ਇਥੇ ਇਕ ਬਹੁਤ ਗਰੀਬ ਪਰਿਵਾਰ ਵਸਦਾ ਹੈ,ਜਿਹਨਾਂ ਦੀ ਜਾਤੀ 'ਝਿਊਰ' ( ਰਾਊਤ ) ਹੈ। ਪਰਿਵਾਰ ਦੇ ਮੁਖੀਏ ਦਾ ਨਾਮ ਹੈ ਭਾਈ ਛੱਜੂ ਰਾਮ। ਉਸ ਸਮੇਂ ਦੇ ਸਮਾਜ ਵਿਚ ਨੀਵੀਂਆਂ ਜਾਤਾਂ ਅਤੇ ਉਤੋਂ ਅਤਿ ਦੀ ਗਰੀਬੀ ਕਾਰਨ ਇਹਨਾਂ ਨੂੰ ਕੋਈ

ਸਤਿਕਾਰ ਨਹੀਂ ਦਿੰਦਾ ਸੀ। ਛੱਜੂ ਰਾਮ ਜੀ ਸਰੀਰਕ ਪੱਖੋਂ ਠੀਕ ਹਨ, ਪਰ ਦਿਮਾਗੀ ਤੌਰ ਤੇ ਕੁਝ ਕਮਜ਼ੋਰ ਹਨ। ਕੰਨਾਂ ਤੋਂ ਸੁਣ ਨਹੀਂ ਸਕਦੇ ਅਤੇ ਮੂੰਹ ਤੋਂ ਠੀਕ ਬੋਲ ਨਹੀਂ ਸਕਦੇ। ਪਰ ਪਿਤਾ ਪੁਰਖੀ ਧੰਧਾ – ਲੋਕਾਂ ਦੇ ਘਰਾਂ ਵਿਚ ਜਲ ਪੁਹੰਚਾਉਣ ਦੀ ਸੇਵਾ ਬਹੁਤ ਚੰਗੀ ਤਰ੍ਹਾਂ ਨਿਭਾਅ ਰਹੇ ਹਨ। ਇਸ ਤੋਂ ਪ੍ਰਾਪਤ ਹੋਣ ਵਾਲੀ ਲਾਗ (ਆਮਦਨ) ਨਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹਨ। ਘਰ ਵਿਚ ਇਹਨਾਂ ਦੀ ਪਤਨੀ ਬੀਬੀ ਮਾਣਕੀ ਬਾਈ ਅਤੇ ਦੋ ਲੜਕੇ ਹਨ। ਵੱਡੇ ਦਾ ਨਾਮ ਭਾਈ ਗੁਲਜ਼ਾਰ ਅਤੇ ਛੋਟੇ ਦਾ ਨਾਮ ਭਾਈ ਮਾਲਦੇਓ ਹੈ। ਇਹ ਦੋਵੇਂ ਆਪਣੇ ਪਿਤਾ ਭਾਈ ਛੱਜੂ ਰਾਮ ਦੀ ਇਸ ਪਿਤਾ ਪੁਰਖੀ ਕੰਮ ਵਿਚ ਸਹਾਇਤਾ ਕਰਦੇ ਹਨ। ਨਾਲ ਹੀ ਸ੍ਰੀ ਜਗਨ ਨਾਥ ਮੰਦਰ ਦੇ ਬਾਹਰ ਤੋਂ ਆਏ ਹੋਏ ਯਾਤਰੀਆਂ ਨੂੰ ਕੜ੍ਹੀ ਚਾਵਲ ਵੇਚ ਕੇ ਆਪਣੇ ਪਰਿਵਾਰ ਦੀ ਪਾਲਣਾ ਵਿਚ ਹਿੱਸਾ ਪਾ ਰਹੇ ਹਨ। ਇਹ ਸਮਾਂ ਹੈ 1657 ਈਸਵੀ ਦਾ। ਵੱਡੇ ਲੜਕੇ ਦੀ ਸ਼ਾਦੀ ਇਸੇ ਸਾਲ ਹੁੰਦੀ ਹੈ। ਇਹਨਾਂ ਦੀ ਪਤਨੀ ਦਾ ਨਾਮ ਬੀਬੀ ਲਾਲ ਦੇਈ ਹੈ।

ਇਕ ਮਹੀਨੇ ਬਾਅਦ ਭਾਈ ਛੱਜੂ ਰਾਮ ਦੀ ਪਤਨੀ ਸਦੀਵੀ ਵਿਛੋੜਾ ਦੇ ਗਈ। ਇਸ ਵਿਛੋੜੇ ਨੂੰ ਭਾਈ ਛੱਜੂ ਰਾਮ ਸਹਿਣ ਨਾ ਕਰ ਸਕੇ। ਕਿਉਂਕਿ ਇਹ ਜੀਵਨ ਸਾਥਣ ਹੀ ਸੀ ਜੋ ਉਹਨਾਂ ਦੀ ਹਰ ਗੱਲ ਨੂੰ ਬਿਨਾਂ ਬੋਲਣ ਤੋਂ ਹੀ ਸਮਝ ਸਕਦੀ ਸੀ ਅਤੇ ਉਹਨਾਂ ਦੀਆਂ ਗੱਲਾਂ ਨੂੰ ਲੋਕਾਂ ਤੱਕ ਪੁਹੰਚਾ ਸਕਦੀ ਸੀ। ਉਹ ਆਪਣੀ ਜ਼ਿੰਦਗੀ ਤੋਂ ਨਿਰਾਸ ਹੋ ਗਏ ਅਤੇ ਧਾਰਮਿਕ ਅਸਥਾਨਾਂ ਦੀ ਯਾਤਰਾ ਤੇ ਨਿਕਲ ਗਏ। ਪਰ ਨਾ ਤਾਂ ਸ਼ਾਂਤੀ ਹੀ ਮਿਲੀ ਅਤੇ ਨਾ ਹੀ ਧਰਮ ਦੇ ਅਸਥਾਨਾਂ ਤੋਂ ਕੋਈ ਧਾਰਮਿਕ ਗੱਲ ਹੀ ਪੱਲੇ ਪਈ। ਆਖਿਰ ਨੈਣਾਂ ਦੇਵੀ ਨੂੰ ਜਾਂਦੇ ਹੋਏ ਰੋਪੜ ਦੇ ਕੋਲ ਉਹਨਾਂ ਦਾ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਸ਼ਰਧਾਲੂ ਸਿੱਖ ਭਾਈ ਸੰਗੂ ਮੱਲ ਜੀ ਨਾਲ ਮੇਲ ਹੋਇਆ। ਇਹ ਉਹਨਾਂ ਦੀ ਅਵਸਥਾ ਨੂੰ ਵੇਖ ਕੇ ਕੀਰਤਪੁਰ ਸਾਹਿਬ ਵਿਖੇ ਲੈ ਗਏ। ਉਹਨਾਂ ਦਾ ਮੇਲ ਗੁਰੂ ਹਰਿ ਰਾਏ ਸਾਹਿਬ ਜੀ ਨਾਲ ਕਰਵਾਇਆ। ਇਹ ਸਮਾਂ ਹੈ 1660 ਈਸਵੀ ਦਾ ਅਤੇ ਭਾਈ ਛੱਜੂ ਰਾਮ ਦੀ ਉਮਰ ਹੈ ਕੋਈ 46 ਸਾਲ ਦੀ। ਇਥੇ ਇਹਨਾਂ ਨੇ ਸੰਗਤ ਦੀ ਜਲ ਨਾਲ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਲੰਗਰ ਵਿਚ ਅਮੀਰ-ਗਰੀਬ, ਉੱਚੀ-ਨੀਂਵੀ ਜਾਤ ਦਾ ਕੋਈ ਫ਼ਰਕ ਨਾ ਵੇਖ ਕੇ ਇਹਨਾਂ ਦੇ ਮਨ ਨੂੰ ਬਹੁਤ ਸ਼ਾਂਤੀ ਮਿਲੀ।

ਅਕਾਲ ਪੁਰਖ ਦੇ ਭਾਣੇ ਵਿਚ ਗੁਰੂ ਹਰਿ ਰਾਏ ਸਾਹਿਬ ਜੀ ਸੰਨ 1661 ਈਸਵੀ ਵਿਚ ਜੋਤੀ ਜੋਤ ਸਮਾ ਗਏ। ਗੁਰੂ ਨਾਨਕ ਸਾਹਿਬ ਜੀ ਦੀ ਜੋਤ ਹੁਣ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਵਿਚ ਬਿਰਾਜਮਾਨ ਸੀ। ਗੁਰੂ ਘਰ ਦੇ ਦੋਖੀਆਂ ਵੱਲੋਂ ਬਾਲ-ਗੁਰੂ ਸਾਹਿਬ ਜੀ ਦੀ ਪਰੀਖਿਆ ਲੈਣ ਲਈ ਕਈ ਚਾਲਾਂ ਚੱਲੀਆਂ। ਗੁਰੂ ਸਾਹਿਬ ਜੀ

ਨੇ ਵੀ ਅਨੇਕਾਂ ਕੌਤਕ ਵਰਤਾ ਕੇ ਉਹਨਾਂ ਦਾ ਭਰਮ ਤੋੜਿਆ। ਇਹ ਸੱਭ ਕੁਝ ਭਾਈ ਛੱਜੂ ਰਾਮ ਦੀਆਂ ਅੱਖਾਂ ਸਾਹਮਣੇ ਵਾਪਰਿਆ। ਇਸ ਦਾ ਇਤਨਾ ਅਸਰ ਹੋਇਆ ਕਿ ਉਹਨਾਂ ਨੇ ਆਪਣਾ ਸੇਵਾ ਸਿਮਰਨ ਹੋਰ ਵਧਾ ਦਿੱਤਾ। ਹੁਣ ਉਹਨਾਂ ਨੇ ਜਲ ਦੀ ਸੇਵਾ ਤੋਂ ਇਲਾਵਾ ਘੋੜਿਆਂ ਦੇ ਤਬੇਲੇ ਦੀ ਸੇਵਾ ਵੀ ਸੰਭਾਲ ਲਈ। ਘੋੜਿਆਂ ਲਈ ਘਾਹ ਖੋਤ ਕੇ ਲਿਆਉਣਾ, ਘੋੜਿਆਂ ਦੀ ਸੇਵਾ ਕਰਨੀ ਅਤੇ ਝਾੜੂ ਆਦਿ ਕਰਨਾ ਉਹਨਾਂ ਦੀ ਨਿੱਤ ਦੀ ਸੇਵਾ ਬਣ ਚੁੱਕੀ ਸੀ।

ਜਦੋਂ ਗੁਰੂ ਸਾਹਿਬ ਜੀ ਨੇ ਦਿੱਲੀ ਦੇ ਰਾਜਾ ਜੈ ਸਿੰਘ ਅਤੇ ਦਿੱਲ਼ੀ ਦੀ ਸੰਗਤ ਦੀ ਬੇਨਤੀ ਮੰਨ ਕੇ ਦਿੱਲੀ ਵੱਲ ਕੂਚ ਕੀਤਾ ਤਾਂ ਗੁਰੂ ਸਾਹਿਬ ਜੀ ਦੇ ਨਾਲ ਜਾਣ ਵਾਲੀਆਂ ਸੰਗਤਾਂ ਵਿਚ ਭਾਈ ਛੱਜੂ ਰਾਮ ਵੀ ਸੀ। ਕੀਰਤਪੁਰ ਸਾਹਿਬ ਤੋਂ ਚੱਲ ਕੇ ਅੰਬਾਲਾ ਦੇ ਨੇੜੇ ਪੰਜੋਖਰਾ ਪਿੰਡ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਗੁਰੂ ਸਾਹਿਬ ਜੀ ਦੇ ਨਾਲ ਸੀ। ਗੁਰੂ ਸਾਹਿਬ ਜੀ ਨੇ ਇਥੇ ਪੜਾਅ ਕੀਤਾ ਤਾਂ ਆਸੇ ਪਾਸੇ ਦੀਆਂ ਸੰਗਤਾਂ ਵੀ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ।

ਇਹਨਾਂ ਹੀ ਦਿਨਾਂ ਵਿਚ ਕੁਰਕੇਸ਼ਤਰ ਦਾ ਮੇਲਾ ਲੱਗਿਆ ਹੋਇਆ ਸੀ। ਪੰਜੋਖਰੇ ਪਿੰਡ ਵਿਚ ਇਕ ਬ੍ਰਾਹਮਣ ਲਾਲ ਚੰਦ ਰਹਿੰਦਾ ਸੀ। ਉਹ ਆਪਣੇ ਵਿਦਵਾਨ ਹੋਣ ਦਾ ਬਹੁਤ ਮਾਣ ਕਰਦਾ ਸੀ। ਉਸ ਦੇ ਬਹੁਤ ਸਾਰੇ ਚੇਲੇ ਉਸ ਦੇ ਨਾਲ ਕੁਰਕਸ਼ੇਤਰ ਤੀਰਥ ਤੇ ਜਾਣ ਲਈ ਉਸ ਦੇ ਘਰ ਠਹਿਰੇ ਹੋਏ ਸਨ। ਕਿਸੇ ਚੇਲੇ ਨੇ ਉਸਨੂੰ ਦੱਸਿਆ ਕਿ ਨਗਰ ਦੇ ਬਾਹਰ ਛੱਪੜੀ ਦੇ ਕਿਨਾਰੇ ਕਿਸੇ ਰਾਜੇ ਦੇ ਪੁੱਤਰ ਨੇ ਉਤਾਰਾ ਕੀਤਾ ਹੋਇਆ ਹੈ। ਉਸ ਦੇ ਸਿਰ ਉਤੇ ਹੀਰਿਆਂ ਜੜੀ ਕਲਗੀ ਹੈ। ਦੂਰੋਂ ਨੇੜਿਉਂ ਆ ਕੇ ਬਹੁਤ ਸਾਰੇ ਲੋਕ ਉਸ ਨੂੰ ਭੇਟਾਵਾਂ ਭੇਟ ਕਰ ਰਹੇ ਹਨ ਅਤੇ ਉਸਦੇ ਪੈਰਾਂ ਤੇ ਮੱਥਾ ਟੇਕ ਰਹੇ ਹਨ। ਪੰਡਿਤ ਲਾਲ ਚੰਦ, ਦੁਰਗਾ ਦਾਸ ਅਤੇ ਉਸਦੇ ਚੇਲਿਆਂ ਨੂੰ ਉਥੇ ਪਹੁੰਚ ਕੇ ਪਤਾ ਲੱਗਿਆ ਕਿ ਇਹ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਹਨ ਅਤੇ ਅੱਜ ਕੱਲ ਗੁਰੂ ਨਾਨਕ ਸਾਹਿਬ ਦੀ ਗੱਦੀ ਉਪਰ ਬਿਰਾਜਮਾਨ ਹਨ। ਦੁਖੀ ਤਾਂ ਉਹ ਪਹਿਲਾਂ ਹੀ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਤੋਂ ਸੀ ਕਿਉਂਕਿ ਇਹ ਮਿਸ਼ਨ ਲੋਕਾਂ ਨੂੰ ਪਾਖੰਡ ਭਰਮ ਵਿਚੋਂ ਕੱਢ ਰਿਹਾ ਸੀ ਤੇ ਹੁਣ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਨਾਮ ਸੁਣਦੇ ਹੀ ਉਸ ਦੇ ਸ਼ਾਤਿਰ ਮਨ ਨੇ ਇਕ ਸਕੀਮ ਬਣਾ ਲਈ। ਆਪਣੀ ਚਾਲ ਨੂੰ ਸ਼ਬਦਾਂ ਦਾ ਰੂਪ ਦਿੰਦਾ ਹੋਇਆ ਉਹ ਗੁਰੂ ਸਾਹਿਬ ਜੀ ਦੇ ਸਾਹਮਣੇ ਚਲਾ ਗਿਆ ਅਤੇ ਭਰੀ ਸੰਗਤ ਵਿਚ ਲੱਗਿਆ ਉੱਚੇ ਬੋਲ ਬੋਲਣ, 'ਨਾਮ ਤਾਂ ਹਰਿ ਕ੍ਰਿਸ਼ਨ ਰੱਖ ਲਿਆ, 'ਹਰੀ' ਵੀ ਅਤੇ 'ਕ੍ਰਿਸ਼ਨ' ਵੀ। ਗੀਤਾ ਦੇ ਇਕ ਸਲੋਕ ਦੇ ਅਰਥ ਕਰ ਕੇ ਹੀ ਸੁਣਾ ਦਿਓ। ਗੁਰੂ ਨਾਨਕ

ਤਾਂ ਮਹਾਂ ਪੰਡਤ ਸੀ, ਉਹਨਾਂ ਨੇ ਤਾਂ ਬਹੁਤ ਸਲੋਕ ਰਚੇ ਸੀ। ਤੁਸੀਂ ਕਿੰਨੀ ਪੜ੍ਹਾਈ ਕੀਤੀ ਹੈ?'

ਬਾਲਾ ਪ੍ਰੀਤਮ ਗੁਰੂ ਜੀ ਉਸਦੇ ਕੁਬੋਲ ਸੁਣ ਕੇ ਮੁਸਕਰਾਏ ਅਤੇ ਉਚਾਰਣ ਕੀਤਾ, "ਪੰਡਿਤ ਜੀ, ਜੇਕਰ ਅਸੀਂ ਅਰਥ ਕਰ ਵੀ ਦਿੱਤਾ ਨਾ, ਤਸੱਲੀ ਤੁਹਾਡੀ ਫੇਰ ਵੀ ਨਹੀਂ ਹੋਣੀ ਕਿਉਂਕਿ ਤੁਸੀਂ ਆਪਣੀ ਤਸੱਲੀ ਲਈ ਇਹ ਨਹੀਂ ਬੋਲ ਰਹੇ, ਸਗੋਂ ਇਸ ਲਈ ਬੋਲ ਰਹੇ ਹੋ ਕਿ ਭੋਲੀ ਭਾਲੀ ਜੰਤਾ ਤੇ ਤੁਹਾਡਾ ਦਬਦਬਾ ਬਣਿਆ ਰਹੇ ਅਤੇ ਲੋਕ ਗੁਰੂ ਨਾਨਕ ਸਾਹਿਬ ਦੀ ਸਿਖੀ ਦੇ ਨਾਲ ਨਾ ਜੁੜ ਜਾਣ। ਇਸ ਲਈ ਤੁਸੀਂ ਆਪਣੇ ਨਗਰ ਤੋਂ ਕਿਸੇ ਨੂੰ ਵੀ ਲੈ ਆਵੋ, ਵੱਡੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਉਹ ਹੀ ਤੁਹਾਡੀ ਤਸੱਲੀ ਕਰਵਾ ਦੇਵੇਗਾ।

ਇਹ ਸੁਣ ਕੇ ਪੰਡਤ ਲਾਲ ਚੰਦ ਨੂੰ ਚਾਅ ਚੜ੍ਹ ਗਿਆ ਕਿ ਹੁਣ ਬਾਜ਼ੀ ਮੇਰੇ ਹੱਥ ਹੀ ਹੋਵੇਗੀ। ਉਹ ਨਗਰ ਵਿਚ ਜਾ ਹੀ ਰਿਹਾ ਸੀ ਕਿ ਉਸ ਦੀ ਨਜ਼ਰ ਭਾਈ ਛੱਜੂ ਰਾਮ ਜੀ ਤੇ ਪੈ ਗਈ, ਜੋ ਗੁਰੂ ਘਰ ਦੇ ਘੋੜਿਆਂ ਲਈ ਘਾਹ ਖੋਤ ਰਹੇ ਸਨ। ਪੰਡਤ ਜੀ ਦੇ ਸ਼ਾਤਰ ਦਿਮਾਗ ਨੇ ਸੋਚਿਆ ਕਿ ਇਸ ਅਨਪੜ੍ਹ ਨੂੰ ਹੀ ਲੈ ਜਾਂਦਾ ਹਾਂ। ਕੋਲ ਜਾ ਕੇ ਉਹਨਾਂ ਨੂੰ ਬੁਲਾਇਆ ਤਾਂ ਭਾਈ ਛੱਜੂ ਰਾਮ ਜੀ ਨੇ ਇਸ਼ਾਰੇ ਨਾਲ ਸਮਝਾ ਦਿੱਤਾ ਕਿ ਉਹ ਠੀਕ ਤਰ੍ਹਾਂ ਬੋਲ ਅਤੇ ਸੁਣ ਨਹੀ ਸਕਦਾ। ਇਹ ਵੇਖ ਕੇ ਤਾਂ ਪੰਡਤ ਲਾਲ ਚੰਦ ਦੀ ਖੁਸ਼ੀ ਦੁੱਗਣੀ ਹੋ ਗਈ। ਉਹ ਉਸ ਨੂੰ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਲੈ ਆਇਆ ਤੇ ਗੁਰੂ ਜੀ ਨੂੰ ਬੋਲਿਆ,'ਲਓ ਜੀ ਮੈਂ ਲਿਆਇਆਂ ਇਕ ਗੁੰਗੇ ਬੋਲੇ ਬੰਦੇ ਨੂੰ, ਹੁਣ ਤੁਸੀਂ ਇਸ ਤੋਂ ਗੀਤਾ ਦੇ ਸਲੋਕ ਦੇ ਅਰਥ ਕਰਵਾ ਕੇ ਵਿਖਾਓ'।

ਗੁਰੂ ਸਾਹਿਬ ਜੀ ਨੇ ਪਲ ਦੋ ਪਲ ਲਈ ਨੇਤਰ ਬੰਦ ਕੀਤੇ – ਮਾਨੋ ਸੋਚ ਰਹੇ ਨੇ – ਅੱਜ ਇਸ ਭਾਈ ਛੱਜੂ ਦੀ ਸੇਵਾ ਵੀ ਸਫ਼ਲ ਹੋਈ ਹੈ। ਫਿਰ ਨੇਤਰ ਖੋਲ ਕੇ ਕੋਲ ਬੈਠੇ ਭਾਈ ਗੁਰਦਿੱਤਾ ਜੀ, ਜੋ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਸਨ, ਨੂੰ ਹੁਕਮ ਕੀਤਾ, "ਇਸ ਭਾਈ ਛੱਜੂ ਨੂੰ ਨੇੜੇ ਵਾਲੀ ਛੱਪੜੀ ਵਿਚ ਖੁੱਲੇ ਜਲ ਨਾਲ ਕੇਸਾਂ ਸਮੇਤ ਇਸ਼ਨਾਨ ਕਰਵਾ ਕੇ ਸਾਫ਼ ਬਸਤਰ ਪਵਾ ਕੇ ਅਸਾਡੇ ਕੋਲ ਲੈ ਆਵੋ। ਪੰਡਤ ਜੀ ਨੇ ਤਾਂ ਕੇਵਲ ਗੀਤਾ ਦੇ ਅਰਥ ਹੀ ਕਰਵਾਉਣੇ ਹਨ ਪਰ ਅਸੀਂ ਤਾਂ ਉਹਨਾਂ ਗੀਤਾਂ ਦਾ ਸਤਿਕਾਰ ਵੀ ਕਰਾਉਣਾ ਹੈ ਜੋ ਪ੍ਰਭੂ ਦੀ ਉਸਤਤ ਵਿਚ ਰਚੇ ਗਏ ਹਨ। ਜਿਸ ਸਰੀਰ ਦੀ ਰਸਨਾ ਤੋਂ ਪਰਮਾਤਮਾਂ ਦਾ ਨਾਮ ਲਿਆ ਜਾਣਾ ਹੈ, ਉਹ ਸਰੀਰ ਸਵੱਛ ਵੀ ਹੋਣਾ ਚਾਹੀਦਾ ਹੈ ਅਤੇ ਉਸ ਸਰੀਰ ਨੂੰ ਪੂਰਨ ਸਤਿਕਾਰ ਵੀ ਮਿਲਣਾ ਚਾਹੀਦਾ ਹੈ।" ਭਾਈ ਗੁਰਦਿਤਾ ਜੀ

ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਭਾਈ ਛੱਜੂ ਜੀ ਨੂੰ ਲੈ ਗਏ। ਪੰਡਤ ਲਾਲ ਚੰਦ ਨੇ ਆਪਣੇ ਇਕ ਚੇਲੇ ਨੂੰ ਨਾਲ ਭੇਜਿਆ ਕਿ ਕਿਤੇ ਬੰਦਾ ਹੀ ਨਾ ਬਦਲ ਦੇਣ। ਇਤਨੇ ਨੂੰ ਗੁਰੂ ਸਾਹਿਬ ਜੀ ਨੇ ਇਕ ਸੇਵਕ ਨੂੰ ਕਹਿ ਕੇ ਉਸ ਦੇ ਬੈਠਣ ਲਈ ਚਾਦਰ ਵਿਛਵਾ ਦਿੱਤੀ। ਕੁਝ ਦੇਰ ਬਾਅਦ ਭਾਈ ਛੱਜੂ ਜੀ ਨੂੰ ਸੁੰਦਰ ਬਸਤਰ ਪਵਾ ਕੇ ਗੁਰੂ ਜੀ ਦੇ ਸਨਮੁੱਖ ਲਿਆ ਬਿਠਾਇਆ। ਗੁਰੂ ਸਾਹਿਬ ਜੀ ਨੇ ਮੇਹਰ ਦੀ ਨਜ਼ਰ ਕੀਤੀ ਅਤੇ ਆਪਣੇ ਹੱਥ ਵਿਚ ਫੜੀ ਹੋਈ ਸੋਟੀ ਨੂੰ ਉਸ ਦੇ ਸਿਰ ਨਾਲ ਛੁਹਾ ਦਿੱਤਾ। ਫਿਰ ਗੁਰੂ ਸਾਹਿਬ ਜੀ ਨੇ ਉਚਾਰਣ ਕੀਤਾ, "ਪੋਥੀ ਸਾਹਿਬ ਵਿਚ ਪਾਵਨ ਅੰਗ 1252 ਉਪਰ ਭਗਤ ਕਬੀਰ ਸਾਹਿਬ ਜੀ ਦਾ ਫੁਰਮਾਨ ਹੈ– *'ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ*




*ਮੁਗਧਾਰੀ'*। ਅੱਜ ਇਹ ਫ਼ੁਰਮਾਨ ਸੱਚ ਸਾਬਿਤ ਹੋ ਚੁੱਕਿਆ ਹੈ। ਭਾਈ ਛੱਜੂ ਰਾਮ ਜੀ ਨੂੰ ਪੂਰਨ ਸੋਝੀ ਹੋ ਚੁੱਕੀ ਹੈ। ਇਹਨਾਂ ਦੀ ਰਸਨਾ ਨੂੰ ਆਵਾਜ਼ ਮਿਲ ਚੁੱਕੀ ਹੈ। ਇਹਨਾਂ ਦੇ ਕੰਨਾਂ ਨੇ ਸੁਣਨਾਂ ਸ਼ੁਰੂ ਕਰ ਦਿੱਤਾ ਹੈ"। ਗੁਰੂ ਸਾਹਿਬ ਜੀ ਦੇ ਪਵਿੱਤਰ ਮੁੱਖ ਤੋਂ ਇਹ ਬਚਨ ਨਿਕਲਣ ਦੀ ਦੇਰ ਸੀ ਕਿ ਭਾਈ ਛੱਜੂ ਰਾਮ ਜੀ ਦੇ ਮਨ ਮਸਤਕ ਵਿਚ ਕੰਬਣੀ ਜਿਹੀ ਛਿੜੀ ਅਤੇ ਉਹ ਪੂਰਨ ਰੂਪ ਵਿਚ ਤੰਦਰੁਸਤ ਹੋ ਗਏ। ਆਪਣੇ ਵਿਚ ਆਈ ਸੰਪੂਰਨ ਤੰਦਰੁਸਤੀ ਦੀ ਅਵਸਥਾ ਵੇਖ ਕੇ ਉਸ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਮੱਥਾ ਟਿਕਾ ਦਿੱਤਾ ਅਤੇ ਉੱਚੀ ਉੱਚੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਮੈਂ ਠੀਕ ਹੋ ਗਿਆ।

ਮੈਂ 46 ਸਾਲਾਂ ਤੋਂ ਬੇ-ਜ਼ੁਬਾਨਾਂ ਬੰਦਾ ਹੁਣ ਬੋਲ ਸਕਦਾ ਹਾਂ। ਮੈਂ 46 ਸਾਲਾਂ ਤੋਂ ਬੋਲ਼ਾ ਬੰਦਾ ਹੁਣ ਸੁਣ ਸਕਦਾ ਹਾਂ,। ਫਿਰ ਹੋਰ ਉੱਚੀ ਆਵਾਜ਼ ਵਿਚ ਕਿਹਾ 'ਧੰਨ ਗੁਰੂ ਨਾਨਕ ਸਾਹਿਬ ਜੀ - ਧੰਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ'। ਗੁਰੂ ਸਾਹਿਬ ਜੀ ਨੇ ਉਸ ਨੂੰ ਹੁਕਮ ਕੀਤਾ,"ਭਾਈ ਛੱਜੂ ਰਾਮ ਜੀ, ਸੱਭ ਤੋਂ ਪਹਿਲਾਂ ਪੰਡਤ ਲਾਲ ਚੰਦ ਜੀ ਦੇ ਸੰਸੇ ਦੂਰ ਕਰੋ ਅਤੇ ਵੱਡੇ ਗੁਰੂ ਸਾਹਿਬ ਜੀ ਦਾ ਧਿਆਨ ਧਰ ਕੇ ਸ੍ਰੀ ਗੀਤਾ ਜੀ ਦਾ ਜੋ ਸਲੋਕ ਇਹ ਕਹਿਣ ਉਸ ਦੇ ਅਰਥ ਕਰ ਕੇ ਸੁਣਾਓ" ਹੁਣ ਭਾਈ ਛੱਜੂ ਰਾਮ ਜੀ ਨੇ ਪੰਡਤ ਲਾਲ ਚੰਦ ਨੂੰ ਸੰਬੋਧਨ ਕਰਕੇ ਕਹਿਣਾ ਸ਼ੁਰੂ ਕੀਤਾ,'ਸੱਭ ਤੋਂ ਪਹਿਲਾਂ ਤਾਂ ਪੰਡਤ ਜੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਜੋ ਤੁਹਾਡੇ ਵਿਚ ਉਪਜੇ ਹੰਕਾਰ ਨੇ ਮੇਰੀ ਕਾਇਆਂ ਕਲਪ ਕੀਤੀ ਹੈ ਤੇ ਤੁਸੀਂ ਗੁਰੂ ਸਾਹਿਬ ਜੀ ਦਾ ਧੰਨਵਾਦ ਕਰੋ ਕਿ ਮੇਰੇ ਰਾਹੀਂ ਤੁਹਾਡਾ ਹੰਕਾਰ ਦੂਰ ਹੋਵੇਗਾ। ਤੁਹਾਡੇ ਰਾਹੀਂ ਮੈਂ 'ਖਲ ਮੂਰਖ' ਬੰਦਾ ਇਕ ਵਿਦਵਾਨ ਬਣ ਗਿਆ ਹਾਂ। ਹੁਣ ਤੁਸੀਂ ਦੱਸੋ, ਚਾਰ ਵੇਦ ਸੁਣਾਵਾਂ, ਛਿਆਂ ਸ਼ਾਸ਼ਤਰਾਂ ਦੀ ਵਿਆਖਿਆ ਕਰਾਂ ਜਾਂ ਫਿਰ ਸਤਾਈ ਸਿਮ੍ਰਿਤੀਆਂ ਵਿਚੋਂ ਕੁਝ ਸੁਣਨਾ ਚਾਹੋਗੇ। ਕਿ ਕੇਵਲ ਗੀਤਾ ਜੀ ਦੇ ਸ਼ਲੋਕ ਦੇ ਅਰਥ ਹੀ ਕਰਵਾਉਣੇ ਹਨ'। ਇਕ ਗੁੰਗੇ ਬੋਲੇ ਮਨੁੱਖ ਨੂੰ ਸੁਣਦਾ ਬੋਲਦਾ ਵੇਖ ਕੇ ਪਹਿਲਾਂ ਹੀ ਡੌਰ ਭੌਰ ਹੋਇਆ ਪੰਡਤ ਲਾਲ ਚੰਦ ਉਸਦੇ ਮੂੰਹ ਤੋਂ ਇਤਨੇ ਵਿਦਵਤਾ ਭਰੇ ਬੋਲ ਸੁਣ ਕੇ ਹੱਕਾ ਬੱਕਾ ਰਹਿ ਗਿਆ। ਇਸ ਪ੍ਰਤੱਖ ਕੌਤਕ ਨੇ ਉਸ ਦਾ ਹਿਰਦਾ ਸ਼ੁੱਧ ਕਰ ਦਿੱਤਾ। ਗਿਆਨ ਦਾ ਹੰਕਾਰ ਤਾਂ ਛੂ-ਮੰਤਰ ਹੋ ਗਿਆ। ਅੱਖਾਂ ਵਿਚੋਂ ਅੱਥਰੂ ਆਪ ਮੁਹਾਰੇ ਵਗਣ ਲੱਗ ਪਏ ਅਤੇ ਬੈਠਾ ਬੈਠਾ ਹੀ ਡੰਡਾਉਤ ਕਰਨ ਲੱਗ ਪਿਆ। ਮੂੰਹ ਤੋਂ ਬੋਲੀ ਜਾਵੇ,'ਮੈਨੂੰ ਬਖ਼ਸ਼ ਦਿਓ ਜੀ -- ਮੈਂਨੂੰ ਬਖ਼ਸ਼ ਦਿਓ ਜੀ- ਮੈਂਨੂੰ ਵੀ ਆਪਣਾ ਸਿੱਖ ਬਣਾ ਲਓ'। ਗੁਰੂ ਸਾਹਿਬ ਜੀ ਦਾ ਇਸ਼ਾਰਾ ਪਾਕੇ ਭਾਈ ਗੁਰਦਿੱਤਾ ਜੀ ਅਤੇ ਭਾਈ ਦਿਆਲਾ ਜੀ ਨੇ ਉਸਨੂੰ ਉਠਾ ਕੇ ਖੜਾ ਕੀਤਾ। ਗੁਰੂ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਫ਼ੁਰਮਾਉਣਾ ਕੀਤਾ, "ਪੰਡਤ ਜੀ ਸਾਰੇ ਧਰਮ ਹੀ ਚੰਗੇ ਹਨ; ਪਰਮਾਤਮਾ ਦੀ ਮੌਜ ਵਿਚ ਹੀ ਬਣੇ ਹਨ; ਪਰ ਸੱਭ ਤੋਂ ਉੱਚਾ ਹੈ -ਪਰਮਾਤਮਾ ਦਾ ਨਾਮ। ਇਸ ਨੂੰ ਜਪਣ - ਜਪਾਉਣ ਨਾਲ ਹੀ ਸਾਰੇ ਸੰਸਾਰ ਦਾ ਭਲਾ ਹੋਇਗਾ। ਹੁਣ ਤੁਸੀਂ ਆਪਣੇ ਬਾਰੇ ਸੋਚ ਕੇ ਵੇਖੋ; 'ਹਉਮੈ' ਬਾਹਰ ਨਿਕਲਣ ਦੇ ਨਾਲ 'ਅੰਦਰਲਾ ਕੁਝ ਹਲਕਾ ਹੋਇਆ ਹੈ ਕਿ ਨਹੀਂ'? ਪੰਡਤ ਲਾਲ ਚੰਦ ਹੱਥ ਜੋੜਕੇ ਮੂੰਹ ਨੀਂਵਾਂ ਕਰਕੇ ਬੋਲਣ ਲੱਗਿਆ,'ਆਪ ਜੀ ਨੇ ਭਗਤ ਕਬੀਰ ਸਾਹਿਬ ਜੀ ਦੀ ਜੋ ਬਾਣੀ ਸੁਣਾਈ ਸੀ, ਉਸ ਦੇ ਪਹਿਲੇ ਹਿੱਸੇ ਦਾ ਪ੍ਰਮਾਣ ਤਾਂ ਭਾਈ ਛੱਜੂ ਰਾਮ ਜੀ ਹਨ ਅਤੇ ਦੂਜੇ ਹਿੱਸੇ ਦਾ ਪ੍ਰਮਾਣ ਮੈਂ 'ਮੂਰਖ' ਆਪ ਜੀ ਦੇ ਸਾਹਮਣੇ ਖੜਾ ਹਾਂ। 'ਪੰਡਿਤ' - ਵਿਦਵਾਨ ਤੋਂ 'ਮੁਗਧਾਰੀ' - ਮੂਰਖ ਬਣ ਚੁੱਕਿਆ ਹਾਂ। ਮੇਰੇ ਉਪਰ ਇਹੀ ਕਿਰਪਾ ਬਣਾਈ ਰੱਖਿਓ

ਜੀ ਕਿ ਮੈਂ ਕਦੇ ਵੀ ਆਪਣੇ ਆਪ ਨੂੰ ਵਿਦਵਾਨ ਗਿਆਨ ਵਾਲਾ ਨਾ ਸਮਝਾਂ'। ਗੁਰੂ ਸਾਹਿਬ ਜੀ ਮੇਹਰ ਦੇ ਘਰ ਵਿਚ ਆਏ ਅਤੇ ਉਚਾਰਨ ਕੀਤਾ, "ਗੁਰੂ ਨਾਨਕ ਮੇਹਰ ਕਰੇਗਾ" ਫਿਰ ਮੁਸਕਰਾ ਕੇ ਫ਼ੁਰਮਾਨ ਕੀਤਾ," ਸੰਗਤ ਜੀ, ਸਾਰੇ ਵੇਖ ਲਓ' ਗੀਤਾ ਦੇ ਅਰਥ ਕਰਵਾਉਣ ਆਏ ਪੰਡਤ ਲਾਲ ਚੰਦ ਜੀ ਹੁਣ ਗੁਰਬਾਣੀ ਦੇ ਅਰਥ ਕਰਨ ਲੱਗ ਗਏ ਹਨ। ਇਹਨਾਂ ਉਤੇ "ਗੁਰੂ ਨਾਨਕ ਮੇਹਰ ਕਰੇਗਾ" ਫਿਰ ਸਾਰੀ ਸੰਗਤ ਨੇ "ਧੰਨ ਗੁਰੂ ਨਾਨਕ" "ਧੰਨ ਗੁਰੂ ਨਾਨਕ" ਜਪਣ ਲੱਗੀ। ਫਿਰ ਗੁਰੂ ਸਾਹਿਬ ਜੀ ਨੇ ਭਾਈ ਛੱਜੂ ਰਾਮ ਜੀ ਨੂੰ ਹੁਕਮ ਕੀਤਾ,"ਆਪ ਦੀ ਸੇਵਾ ਗੁਰੂ ਨਾਨਕ ਦੇ ਘਰ ਵਿਚ ਪ੍ਰਵਾਨ ਹੋਈ ਹੈ। ਤੁਸੀਂ ਆਪਣੇ ਨਗਰ ਵਿਚ ਜਾ ਕੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦਾ ਪ੍ਰਚਾਰ ਕਰੋ। ਗੁਰੂ ਨਾਨਕ ਭਲਾ ਕਰੇਗਾ, ਤੁਹਾਡੀ ਵੰਸ਼ ਵਿਚ ਗੁਰੂ ਘਰ ਦਾ 'ਪਿਆਰਾ' ਆਵੇਗਾ, ਜੋ ਜੁੱਗਾਂ ਜੁਗਾਂਤਰਾਂ ਤੱਕ ਤੁਹਾਡਾ ਅਤੇ ਆਪਣਾ ਨਾਮ ਰੌਸ਼ਨ ਕਰੇਗਾ"। ਭਾਈ ਛੱਜੂ ਰਾਮ ਜੀ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਦਾ ਵਰ ਪਾਕੇ ਪੰਜੋਖਰਾ ਸਾਹਿਬ ਤੋਂ ਜਗਨ ਨਾਥ ਪੁਰੀ ਲਈ ਰਵਾਨਾ ਹੋਏ। ਭਾਈ ਲਾਲ ਚੰਦ ਜੀ ਗੁਰੂ ਘਰ ਦੀ ਸੇਵਾ ਵਿਚ ਲੀਨ ਹੋ ਗਏ। (ਭਾਈ ਲਾਲ ਚੰਦ ਜੀ ਦਾ ਸਿੱਖੀ ਵਿਚ ਇਤਨਾ ਵਿਸ਼ਵਾਸ ਹੋ ਗਿਆ ਕਿ ਉਹ 1699 ਈਸਵੀ ਦੀ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦੀ ਪਾਹੁਲ ਛਕ ਕੇ ਭਾਈ ਲਾਲ ਸਿੰਘ ਬਣੇ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ।)

1664 ਈਸਵੀ ਦੇ ਮਈ ਮਹੀਨੇ ਦੀ 17 ਤਰੀਕ ਨੂੰ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਹੋਈ। ਭਾਈ ਛੱਜੂ ਰਾਮ ਜੀ ਦੇ ਘਰ ਪੋਤੇ ਨੇ ਜਨਮ ਲਿਆ। ਸਾਰੇ ਪਰਿਵਾਰ ਨੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ। ਇਸ ਦਾ ਨਾਮ ਰੱਖਿਆ ਗਿਆ – ਹਿੰਮਤ ਚੰਦ। ਭਾਈ ਛੱਜੂ ਰਾਮ ਜੀ ਨੇ ਘਰ ਵਿਚ ਅਜਿਹਾ ਮਾਹੌਲ ਬਣਾ ਦਿੱਤਾ ਸੀ ਕਿ ਸਾਰਾ ਪਰਿਵਾਰ ਸਵੇਰੇ ਸ਼ਾਮ ਕੇਸਾਂ ਸਮੇਤ ਇਸ਼ਨਾਨ ਕਰਕੇ ਇਕ ਸਵੱਛ ਚਾਦਰ ਵਿਛਾ ਕੇ ਗੁਰਬਾਣੀ ਪੜ੍ਹਨ ਅਤੇ ਸਿਮਰਨ ਵਿਚ ਜੁੜਦਾ। ਭਾਈ ਛੱਜੂ ਰਾਮ ਜੀ ਨੂੰ ਜਿਤਨੇ ਵੀ ਲੋਕ ਜਾਣਦੇ ਸਨ, ਜਿਹਨਾਂ ਜਿਹਨਾਂ ਘਰਾਂ ਵਿਚ ਉਹ ਪਾਣੀ ਪਹੁੰਚਾਉਣ ਦਾ ਕੰਮ ਕਰਦੇ ਸਨ, ਉਹਨਾਂ ਘਰਾਂ ਵਿਚ ਜਾ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਦੇ ਵਰਣਨ ਕਰਦੇ। ਸੱਭ ਕੁਝ ਪ੍ਰਤੱਖ ਵੇਖ ਕੇ ਲੋਕ ਬਹੁਤ ਛੇਤੀ ਪ੍ਰਭਾਵਿਤ ਹੁੰਦੇ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਗਨ ਨਾਥ ਪੁਰੀ ਵਿਚ ਗੁਰੂ ਸਾਹਿਬ ਜੀ ਦੀ ਬਹੁਤ ਛੇਤੀ ਕਿਰਪਾ ਵਰਤੀ ਅਤੇ ਕਾਫ਼ੀ ਸੰਗਤ ਗੁਰੂ ਘਰ ਨਾਲ ਜੁੜ ਗਈ। ਭਾਈ ਛੱਜੂ ਰਾਮ ਜੀ ਕੋਲ ਸੰਗਤ ਦਾ ਕੁਝ ਪੈਸਾ ਇਕੱਠਾ ਹੋਇਆ ਪਿਆ ਸੀ ਅਤੇ ਕੁਝ ਉਹਨਾਂ ਨੇ ਅਮੀਰ ਲੋਕਾਂ ਨੂੰ ਪ੍ਰੇਰ ਕੇ ਇਕੱਠਾ ਕਰ ਲਿਆ। ਇਸ ਪੈਸੇ ਨਾਲ ਉਹਨਾਂ ਨੇ ਇਕ ਧਰਮਸਾਲ ਦੀ ਉਸਾਰੀ ਕਰ

ਲਈ, ਜਿਥੇ ਉਹਨਾਂ ਨੇ ਦੋਵੇਂ ਵੇਲੇ ਸਤਿਸੰਗ ਸ਼ੁਰੂ ਕਰਵਾ ਦਿੱਤਾ। ਗੁਰੂ ਘਰ ਦੀ ਮਰਿਆਦਾ ਅਨੁਸਾਰ ਸੰਗਤ ਅਤੇ ਪੰਗਤ ਦੋਵੇਂ ਵੇਲੇ ਚੱਲਣ ਲੱਗੀ।

ਇਕ ਦਿਨ ਭਾਈ ਛੱਜੂ ਰਾਮ ਜੀ ਨੇ ਸੰਗਤ ਨੂੰ ਬੜੇ ਭਾਰੀ ਮਨ ਨਾਲ ਸੰਬੋਧਨ ਕਰਦੇ ਹੋਏ ਦੱਸਿਆ ਕਿ ਧੰਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਚ ਸੰਗਤਾਂ ਨੂੰ ਚੇਚਕ ਦੀ ਭਿਆਨਕ ਬਿਮਾਰੀ ਤੋਂ ਬਚਾਉਂਣ ਦੀ ਸੇਵਾ ਕਰਦੇ ਹੋਏ ਅਕਾਲ ਪੁਰਖ ਦੇ ਭਾਣੇ ਵਿਚ ਜੋਤੀ ਜੋਤ ਸਮਾ ਗਏ ਹਨ, ਅਤੇ ਆਖ਼ਰੀ ਸਮੇਂ ਸੰਗਤ ਨੂੰ 'ਬਾਬਾ ਬਕਾਲੇ' ਵਿਚ ਗੁਰੂ ਸਾਹਿਬ ਦੇ ਹੋਣ ਦਾ ਇਸ਼ਾਰਾ ਕਰ ਗਏ ਹਨ। ਇਸ ਤੋਂ ਬਾਅਦ ਭਾਈ ਛੱਜੂ ਰਾਮ ਜੀ ਨੇ ਸਵਾ ਘੰਟਾ ਮੂਲ ਮੰਤਰ ਦਾ ਜਾਪ ਕਰਵਾ ਕੇ ਅਰਦਾਸ ਕੀਤੀ ਕਿ ਸਿੱਖਾਂ ਨੂੰ ਜਲਦੀ ਹੀ ਅਗਲੇ ਗੁਰੂ ਸਾਹਿਬ ਜੀ ਦੀ ਅਗਵਾਈ ਪ੍ਰਾਪਤ ਹੋਵੇ।

ਭਾਈ ਛੱਜੂ ਰਾਮ ਜੀ ਦਾ ਪਰਿਵਾਰ ਸੰਗਤ ਵਿਚ ਆਉਂਦਾ। ਆ ਕੇ ਸੇਵਾ ਕਰਦਾ। ਇਸ ਤਰ੍ਹਾਂ ਬੱਚੇ ਹਿੰਮਤ ਚੰਦ ਨੂੰ ਜਨਮ ਤੋਂ ਹੀ ਗੁਰੂ ਘਰ ਦਾ, ਗੁਰੂ ਦੀ ਸੰਗਤ ਦਾ ਅਸਰ ਹੁੰਦਾ ਗਿਆ। ਉਸ ਦੇ ਸੰਸਕਾਰ ਬਣਦੇ ਗਏ। ਕੁਝ ਵੀ ਹੋਵੇ, ਪਿਤਾ ਪੁਰਖੀ ਕੰਮ ਕਾਰ ਨਾ ਸਿੱਖਣ ਤੇ ਵੀ ਔਲਾਦ ਨੂੰ ਆ ਹੀ ਜਾਂਦਾ ਹੈ। ਹਿੰਮਤ ਚੰਦ ਜੀ ਬਚਪਨ ਤੋਂ ਹੀ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਬੜੇ ਪਿਆਰ ਅਤੇ ਸਲੀਕੇ ਨਾਲ ਕਰਦੇ ਸਨ। ਨਾਲ ਦੀ ਨਾਲ ਉਹ ਸਿਮਰਨ ਵੀ ਕਰਦੇ ਰਹਿੰਦੇ ਸਨ। ਉਹਨਾਂ ਦੀ ਆਵਾਜ਼ ਬੜੀ ਸੁਰੀਲੀ ਸੀ। ਕਦੇ ਕਦੇ ਉਹ ਸੰਗਤ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਿਆ ਕਰਦੇ ਸਨ। ਕੁਝ ਵਿਦਵਾਨਾਂ ਨੇ ਸਿੱਖ ਇਤਿਹਾਸ ਵਿਚ ਉਹਨਾਂ ਨੂੰ ਸੱਭ ਤੋਂ ਛੋਟੀ ਉਮਰ ਦਾ ਕੀਰਤਨੀਆਂ ਵੀ ਮੰਨਿਆਂ ਹੈ। ਦਾਦਾ ਭਾਈ ਛੱਜੂ ਰਾਮ ਜੀ ਨੇ ਭਾਂਡੇ ਮਾਂਜਣ ਅਤੇ ਜੋੜਿਆਂ ਦੀ ਸੇਵਾ ਦੀ ਮਹਾਨਤਾ ਦੱਸੀ ਕਿ ਸਿਮਰਨ ਕਰਦੇ ਹੋਏ ਇਹ ਸੇਵਾ ਕਰਨ ਨਾਲ ਮਨ ਨੂੰ ਵੀ ਮਾਂਜ ਕੇ ਸਾਫ਼ ਕਰ ਸਕਦੇ ਹਾਂ। ਇਸ ਤਰ੍ਹਾਂ ਉਹਨਾਂ ਨੇ ਸਾਰੇ ਪਰਿਵਾਰ ਨੂੰ ਗੁਰੂ ਘਰ ਦੀ ਸੇਵਾ ਨਾਲ ਜੋੜ ਦਿੱਤਾ। ਹਿੰਮਤ ਚੰਦ ਇਸ ਸਮੇਂ ਤੱਕ ਛੇ ਸਾਲ ਦੇ ਹੋ ਚੁੱਕੇ ਹਨ।

ਜਗਨ ਨਾਥ ਪੁਰੀ ਦੀ ਸੰਗਤ ਨੇ ਸ੍ਰੀ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਜੀ ਕੋਲ ਜਾਣ ਦਾ ਪ੍ਰੋਗਰਾਮ ਬਣਾਇਆ। ਭਾਈ ਛੱਜੂ ਰਾਮ ਜੀ ਅਤੇ ਭਾਈ ਮੇਵਾ ਰਾਮ ਜੀ ਨੇ ਸਾਰੀ ਸੰਗਤ ਨੂੰ ਤਿਆਰੀ ਕਰਨ ਲਈ ਕਹਿ ਦਿੱਤਾ। ਸੰਨ 1678 ਈਸਵੀ ਵਿਚ ਜੂਨ ਮਹੀਨੇ ਦੇ ਆਖਰੀ ਐਤਵਾਰ ਦਾ ਸਮਾਂ ਨਿਸਚਿਤ ਕਰ ਦਿੱਤਾ। ਇਸ ਸੰਗਤ ਵਿਚ ਭਾਈ ਹਿੰਮਤ ਚੰਦ ਜੀ ਵੀ ਹਨ, ਜੋ ਇਸ ਸਮੇਂ 14 ਸਾਲ ਦੇ ਹਨ। ਇਹ ਸੰਗਤ ਮੰਜ਼ਲ

ਤੈਅ ਕਰਦੀ 1678 ਈਸਵੀ ਦੇ ਅਗਸਤ ਮਹੀਨੇ ਦੇ ਪਹਿਲੇ ਹਫ਼ਤੇ ਆਨੰਦਪੁਰ ਸਾਹਿਬ ਪਹੁੰਚ ਗਈ । ਇਕ ਖਾਸ ਗੱਲ ਇਹ ਵੀ ਹੈ ਕਿ ਪੰਜਾਂ ਪਿਆਰਿਆਂ ਵਿਚੋਂ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਸੱਭ ਤੋਂ ਪਹਿਲਾਂ ਆਉਣ ਵਾਲੇ ਭਾਈ ਹਿੰਮਤ ਚੰਦ ਜੀ ਹਨ।

ਸਾਰੀ ਸੰਗਤ ਨੂੰ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਦਾ ਸਮਾਂ ਦਿੱਤਾ ਜਾਂਦਾ ਹੈ। ਸਾਰੀ ਸੰਗਤ ਮਿਲਕੇ ਆਪਣੀ ਭੇਟਾਵਾਂ ਹਾਜ਼ਰ ਕਰਕੇ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਆਪਣੀ ਵਾਰੀ ਆਉਣ ਤੇ ਭਾਈ ਗੁਲਜ਼ਾਰ ਜੀ ਨੇ ਪਹਿਲਾਂ ਧਰਮਸਾਲ ਦੀ ਭੇਟਾ ਹਾਜ਼ਰ ਕੀਤੀ। ਫਿਰ ਆਪਣੇ ਵੱਲੋਂ ਲਿਆਂਦੀ ਹੋਈ ਭੇਟਾ ਗੁਰੂ ਜੀ ਕੋਲ ਰੱਖ ਕੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਸਾਹਿਬ ਜੀ ਨੇ ਆਸ਼ੀਰਵਾਦ ਨਹੀਂ ਦਿੱਤਾ ਬਲਕਿ ਕਿਹਾ, "ਭਾਈ ਸਾਹਿਬ ਜੀ, ਧਰਮਸਾਲ ਦੀ ਭੇਟਾ ਮਨਜ਼ੂਰ ਹੈ। ਪਰ ਤੁਸੀਂ ਤਾਂ ਜੋ ਲੈਕੇ ਆਏ ਹੋ, ਉਹ ਪੂਰਾ ਨਹੀਂ ਦੇ ਰਹੇ"। ਸਾਰੀ ਸੰਗਤ ਉਹਨਾਂ ਵੱਲ ਵੇਖ ਰਹੀ ਹੈ। ਉਹ ਇਕ ਦੂਜੇ ਵੱਲ ਵੇਖ ਰਹੇ ਹਨ। ਗੁਰੂ ਸਾਹਿਬ ਜੀ ਭਾਈ ਹਿੰਮਤ ਚੰਦ ਜੀ ਵੱਲ ਵੇਖ ਰਹੇ ਹਨ। ਅਚਾਨਕ ਭਾਈ ਹਿੰਮਤ ਚੰਦ ਦੀਆਂ ਅੱਖਾਂ ਗੁਰੂ ਸਾਹਿਬ ਜੀ ਦੇ ਪਵਿੱਤਰ ਨੇਤਰਾਂ ਨਾਲ ਪਲ ਭਰ ਲਈ ਮਿਲਦੀਆਂ ਹਨ, ਤੇ ਉਹ ਦੌੜ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਨਾਲ ਲਿਪਟ ਜਾਂਦਾ ਹੈ – ਨਾਲ ਹੀ ਬੋਲੀ ਜਾ ਰਿਹਾ ਹੈ, 'ਮੈਨੂੰ ਰੱਖ ਲਓ ਗੁਰੂ ਜੀ, ਮੈਨੂੰ ਇਥੇ ਹੀ ਰੱਖ ਲਓ ਗੁਰੂ ਜੀ'। ਗੁਰੂ ਸਾਹਿਬ ਜੀ ਨੇ ਉਸ ਨੂੰ ਉਠਾ ਕੇ ਆਪਣੇ ਸੀਨੇ ਨਾਲ ਲਗਾਇਆ ਹੈ ਅਤੇ ਸੰਗਤਾਂ ਵੱਲ ਮੁੱਖੜਾ ਕਰਕੇ ਫ਼ੁਰਮਾਉਣ ਲੱਗੇ, "ਸਾਡੇ ਪਿਆਰੇ ਇਸ ਬਾਲਕ ਦੇ ਦਾਦਾ ਭਾਈ ਛੱਜੂ ਰਾਮ ਜੀ ਪਹਿਲਾਂ ਵੀ ਸਾਨੂੰ ਬਹੁਤ ਪਿਆਰੀ ਭੇਟਾ ਦੇ ਚੁੱਕੇ ਹਨ– ਆਪਣੇ ਪੁੱਤਰ ਦੇ ਰੂਪ ਵਿਚ, ਜਦੋਂ ਉਹਨਾਂ ਨੇ ਦਿੱਲੀ ਵਿਚ ਜਾ ਕੇ ਪਿਤਾ ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਜੀ ਲਈ ਆਪਣਾ ਅਥਾਹ ਪਿਆਰ ਵਿਖਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ। ਉਹ ਭਾਈ ਹਿੰਮਤ ਚੰਦ ਦੇ ਚਾਚਾ ਭਾਈ ਮਾਲਦੇਓ ਜੀ ਸਨ। ਹੁਣ ਅਸਾਡਾ ਚਿੱਤ ਕਰਦਾ ਹੈ ਕਿ ਅਸੀਂ ਇਸ ਹਿੰਮਤ ਚੰਦ ਨੂੰ ਇਥੇ ਹੀ ਰੱਖ ਲਈਏ"। ਭਾਈ ਗੁਲਜ਼ਾਰ ਜੀ ਨੇ ਹੱਥ ਜੋੜ ਕੇ ਪ੍ਰਵਾਨਗੀ ਦੇ ਦਿੱਤੀ।

ਭਾਈ ਹਿੰਮਤ ਚੰਦ ਜੀ ਦਾ ਦਿਮਾਗ ਬਹੁਤ ਤੇਜ਼ ਸੀ। 21 ਸਾਲ ਗੁਰੂ ਜੀ ਕੋਲ ਰਹਿ ਕੇ ਗੁਰਮਤਿ ਦੀ ਪੜ੍ਹਾਈ ਕੀਤੀ। ਘੋੜ ਸਵਾਰੀ ਸਿੱਖੀ। ਸ਼ਸਤਰ ਵਿਦਿਆ ਸਿੱਖੀ। ਗੁਰਬਾਣੀ ਕੰਠ ਕੀਤੀ। ਪਹਿਲੇ ਐਸੇ ਕੀਰਤਨੀਏ ਬਣੇ, ਜਿਹਨਾਂ ਨੂੰ ਪੋਥੀ ਸਾਹਿਬ ਵਿਚ ਦਰਜ 22 ਵਾਰਾਂ ਜ਼ੁਬਾਨੀ ਕੰਠ ਸਨ ਅਤੇ ਉਹ ਇਹਨਾਂ ਦਾ ਗਾਇਨ ਉਹਨਾਂ ਹੀ ਧੁਨੀਆਂ (ਤਰਜ਼ਾਂ) ਵਿਚ ਕਰਦੇ ਸਨ, ਜਿਹਨਾਂ ਵਿਚ ਗਾਇਨ ਕਰਨ ਦਾ

ਹੁਕਮ ਹੈ। ਇਸ ਤੋਂ ਇਲਾਵਾ ਜਲ ਦੀ ਸੇਵਾ ਕਰਦੇ ਸਨ। ਇਹਨਾਂ 21 ਸਾਲਾਂ ਵਿਚ ਉਹ ਕੇਵਲ ਇਕ ਵਾਰੀ ਜਗਨ ਨਾਥ ਪੁਰੀ ਗਏ, ਜਦੋ ਉਹਨਾਂ ਦੇ ਦਾਦਾ ਜੀ ਬੀਮਾਰ ਹੋ ਗਏ। ਇਹਨਾਂ ਨੇ ਕੁਝ ਸਮਾਂ ਉਹਨਾਂ ਦੀ ਸੇਵਾ ਕੀਤੀ। 1685 ਈਸਵੀ ਵਿਚ ਉਹ ਅਕਾਲ ਚਲਾਣਾ ਕਰ ਗਏ। ਇਸੇ ਸਾਲ ਇਹਨਾਂ ਦੀ ਸ਼ਾਦੀ ਬੀਬੀ ਰਾਮ ਦੇਈ ਜੀ ਨਾਲ ਹੋਈ। ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਇਹਨਾਂ ਦੇ ਘਰ 4 ਪੁੱਤਰ ਅਤੇ ਇਕ ਪੁੱਤਰੀ ਦੀ ਬਖਸ਼ਿਸ਼ ਕੀਤੀ। ਪੁੱਤਰਾਂ ਦਾ ਨਾਮ ਗੁਰਦਿੱਤ ਚੰਦ, ਹਰਦਿੱਤ ਚੰਦ, ਨਿਧਾਨ ਚੰਦ ਅਤੇ ਤਾਰਾ ਚੰਦ ਰੱਖੇ ਗਏ ਅਤੇ ਬੇਟੀ ਦਾ ਨਾਮ ਨਸੀਬਾਂ ਵਾਲੀ ਰੱਖਿਆ ਗਿਆ।

1699 ਈਸਵੀ ਦੀ ਵਿਸਾਖੀ ਤੇ ਭਾਈ ਹਿੰਮਤ ਚੰਦ ਜੀ ਨੇ ਗੁਰੂ ਸਾਹਿਬ ਜੀ ਵੱਲੋਂ ਤੀਜੀ ਵਾਰ ਦੀ ਮੰਗ ਉਤੇ ਆਪਣਾ ਸੀਸ ਭੇਟ ਕਰਕੇ ਆਪਣੇ ਆਪ ਨੂੰ ਅਮਰ ਕਰ ਲਿਆ ਅਤੇ ਭਾਈ ਹਿੰਮਤ ਸਿੰਘ ਬਣੇ। ਬਾਅਦ ਵਿਚ ਇਹਨਾਂ ਦੇ ਸਾਰੇ ਪਰਿਵਾਰ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' ਲਗਵਾਇਆ।

ਭਾਈ ਹਿੰਮਤ ਸਿੰਘ ਜੀ ਨੇ ਗੁਰੂ ਸਾਹਿਬ ਜੀ ਵੱਲੋਂ ਸਰਕਾਰੀ ਜ਼ੁਲਮ ਦੇ ਖਿਲਾਫ ਲੜੇ ਗਏ ਸਾਰੇ ਯੁੱਧਾਂ ਦੌਰਾਨ ਬਹੁਤ ਬਹਾਦਰੀ ਨਾਲ ਹਿੱਸਾ ਲਿਆ। ਚਮਕੌਰ ਦੀ ਜੰਗ ਦੌਰਾਨ ਭਾਈ ਦਇਆ ਸਿੰਘ ਜੀ ਨਾਲ ਹੋਈ ਵਾਰਤਾ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਜੰਗ ਦੇ ਮੈਦਾਨ ਵਿਚ ਜਾਣ ਲਈ ਸੱਭ ਤੋਂ ਪਹਿਲਾਂ ਭਾਈ ਦਇਆ ਸਿੰਘ ਜੀ ਗੁਰੂ ਸਾਹਿਬ ਜੀ ਦੇ ਸਾਹਮਣੇ ਜਾਣ ਲੱਗੇ ਤਾਂ ਭਾਈ ਹਿੰਮਤ ਸਿੰਘ ਜੀ ਨੇ ਉਹਨਾਂ ਦਾ ਰਸਤਾ ਰੋਕ ਲਿਆ ਅਤੇ ਕਿਹਾ,'ਮੇਰੇ ਵੀਰ, 1699 ਦੀ ਵਿਸਾਖੀ ਵਾਲੇ ਦਿਨ ਦੀ ਭੁੱਲ ਅੱਜ ਮੈਨੂੰ ਬਖਸ਼ਾ ਲੈਣ ਦਿਓ। ਗੁਰੂ ਦਰਬਾਰ ਵਿਚ ਤੁਹਾਡੇ ਤੋਂ ਪਹਿਲਾਂ ਮੈਂ ਆਇਆ ਸੀ ਪਰ ਉਸ ਦਿਨ ਆਪਣਾ ਸੀਸ ਪਹਿਲਾਂ ਭੇਟਾ ਕਰਕੇ ਪਹਿਲਾ ਨੰਬਰ ਤੁਸੀਂ ਲੈ ਗਏ ਸੀ, ਪਰ ਅੱਜ ਕਿਰਪਾ ਕਰੋ, ਅੱਜ ਪਹਿਲਾਂ ਮੈਂਨੂੰ ਜਾ ਲੈਣ ਦਿਓ'। ਭਾਈ ਦਇਆ ਸਿੰਘ ਜੀ ਨੇ ਮੁਸਕਰਾ ਕੇ ਉਹਨਾਂ ਨੂੰ ਜੱਫ਼ੀ ਵਿਚ ਲਿਆ ਅਤੇ ਪਿਆਰ ਦਿੰਦੇ ਹੋਏ ਪਹਿਲਾਂ ਜਾਣ ਦੀ ਆਗਿਆ ਦਿੱਤੀ। ਭਾਈ ਹਿੰਮਤ ਸਿੰਘ ਜੀ ਚਮਕੌਰ ਦੀ ਧਰਤੀ ਤੇ ਬਹੁਤ ਬਹਾਦਰੀ ਨਾਲ ਲੜੇ ਅਤੇ ਸ਼ਹਾਦਤ ਦਾ ਜਾਮ ਪੀਤਾ। ਸ਼ਹੀਦੀ ਵਾਲੇ ਦਿਨ ਤੱਕ ਉਹਨਾਂ ਦੀ ਕੁੱਲ ਸਰੀਰਕ ਉਮਰ 40 ਸਾਲ 06 ਮਹੀਨੇ ਅਤੇ 21 ਦਿਨ ਸੀ। ਤਰੀਕ ਸੀ 06 ਦਸੰਬਰ 1704 ਈਸਵੀ।

********************

# ਪਿਆਰੇ ਭਾਈ ਮੋਹਕਮ ਸਿੰਘ ਜੀ

ਗੁਰੂ ਨਾਨਕ ਸਾਹਿਬ ਜੀ ਨੇ ਉਦਾਸੀਆਂ ਦੇ ਸਮੇਂ ਜਗਤ ਜਲੰਦੇ ਨੂੰ ਤਾਰਦੇ ਹੋਏ ਆਪਣੇ ਮੁਬਾਰਕ ਚਰਨ ਦਵਾਰਕਾ ਨਗਰੀ ਵਿਚ ਪਾਏ ਸਨ। ਇਹ ਅਸਥਾਨ ਅੱਜ ਕੱਲ ਗੁਜਰਾਤ ਵਿਚ ਪੋਰਬੰਦਰ ਦੇ ਨੇੜੇ ਪੈਂਦਾ ਹੈ। ਜਿਸ ਅਸਥਾਨ ਤੇ ਉਹ ਰੁਕੇ ਸਨ, ਉਥੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੇ ਇਕ ਧਰਮਸਾਲ ਦੀ ਉਸਾਰੀ ਕਰ ਲਈ ਹੋਈ ਹੈ, ਜਿਥੇ ਦੋਵੇਂ ਵੇਲੇ ਸਤਿਸੰਗ ਹੁੰਦਾ ਹੈ। ਇਸੇ ਸੰਗਤ ਵਿਚ ਇਕ ਸ਼ਰਧਾਲੂ ਭਾਈ ਜਗਜੀਵਨ ਰਾਮ ਆਪਣੀ ਪਤਨੀ ਸੰਭਾਲੀ ਦੇਵੀ ਦੇ ਨਾਲ ਸਵੇਰ-ਸ਼ਾਮ ਹਾਜ਼ਰ ਹੁੰਦਾ ਹੈ। ਇਹ ਸਮਾਂ ਹੈ 1679 ਈਸਵੀ ਦਾ। ਗੁਰੂ ਨਾਨਕ ਸਾਹਿਬ ਦੀ ਜੋਤ ਇਸ ਸਮੇਂ ਦਸਵੇਂ ਜਾਮੇਂ ਵਿਚ ਗੁਰੂ ਗੋਬਿੰਦ ਰਾਏ ਦੇ ਰੂਪ ਵਿਚ ਆਨੰਦਪੁਰ ਸਾਹਿਬ ਦੀ ਧਰਤੀ ਨੂੰ ਭਾਗ ਲਾ ਰਹੀ ਹੈ।




7 ਮਾਰਚ 1679 ਈਸਵੀ ਨੂੰ ਭਾਈ ਜਗਜੀਵਨ ਰਾਮ ਦੇ ਘਰ ਮਾਤਾ ਸੰਭਾਲੀ ਦੇਵੀ ਦੀ ਕੁੱਖ ਤੋਂ ਗੁਰੂ ਨਾਨਕ ਸਾਹਿਬ ਦੀ ਕਿਰਪਾ ਸਦਕਾ ਇਕ ਬਾਲਕ ਦਾ ਜਨਮ ਹੁੰਦਾ ਹੈ। ਇਹ ਪਰਿਵਾਰ ਛੀਂਬਾ ਜਾਤੀ ਨਾਲ ਸਬੰਧ ਰੱਖਦਾ ਹੈ। ਇਹ ਲੋਕਾਂ ਦੇ ਕਪੜੇ ਸਿਲਾਈ ਕਰਕੇ ਆਪਣੇ ਜੀਵਨ ਦਾ ਗੁਜ਼ਾਰਾ ਤੋਰਦੇ ਹਨ। ਜਾਤੀ ਪ੍ਰਥਾ ਵਿਚ ਵੰਡਿਆ ਸਮਾਜ ਇਸ ਜਾਤ ਨੂੰ ਵੀ ਬਹੁਤਾ ਆਦਰ ਨਹੀਂ ਦਿੰਦਾ। ਬ੍ਰਾਹਮਣ ਤਬਕਾ ਇਹਨਾਂ ਦੀਆਂ ਜਨਮ ਮਰਨ ਦੀਆਂ ਰਸਮਾਂ ਵਿਚ ਧਾਰਮਿਕ ਰੀਤਾਂ ਪੂਰੀਆਂ ਨਹੀਂ ਕਰਦਾ। ਇਸ ਬਾਲਕ ਦੇ ਨਾਮ-ਕਰਨ ਸਮੇਂ ਵੀ ਇਹ ਸਮੱਸਿਆ ਖੜ੍ਹੀ ਹੋ ਗਈ। ਪਰ ਇਸ ਗੱਲ ਨੂੰ ਉਹਨਾਂ ਨੇ ਸੰਗਤ ਵਿਚ

ਰੱਖਿਆ ਤਾਂ ਇਕ ਮੁਖੀ ਸਿੱਖ ਭਾਈ ਟਿੱਕਾ ਮੱਲ ਜੀ ਨੇ ਅਰਦਾਸ ਕਰਕੇ ਪੋਥੀ ਸਾਹਿਬ ਵਿਚੋਂ ਵਾਕ ਲੈ ਕੇ ਬੱਚੇ ਦਾ ਨਾਮ ਮੋਹਕਮ ਚੰਦ ਰੱਖਿਆ।

'ਗੁਰੂ ਕੀ ਸੰਗਤ' ਵਿਚ ਇਹ ਪਰਿਵਾਰ ਬਾਲਕ ਮੋਹਕਮ ਚੰਦ ਨੂੰ ਵੀ ਲੈ ਕੇ ਆਉਂਦਾ। ਇਸ ਗੱਲ ਨੂੰ ਤਾਂ ਹੁਣ ਸਾਇੰਸ ਵੀ ਮੰਨਦੀ ਹੈ ਕਿ ਜਿਹੋ ਜਿਹੀ ਕਿਸੇ ਦੀ ਸੰਗਤ ਹੁੰਦੀ ਹੈ, ਉਸ ਦਾ ਅਸਰ ਉਸ ਦੇ ਸੁਭਾਅ, ਉਸ ਦੀ ਸ਼ਖਸ਼ੀਅਤ ਤੇ ਜ਼ਰੂਰ ਪੈਂਦਾ ਹੈ। ਸਤਿਸੰਗ, ਸੇਵਾ ਅਤੇ ਬਾਣੀ ਦੇ ਮਾਹੌਲ ਵਿਚ ਪਲਦਾ ਬਾਲਕ ਮੋਹਕਮ ਚੰਦ ਵੱਡਾ ਹੁੰਦਾ ਗਿਆ। ਉਸ ਦੇ ਸੁਭਾਅ ਵਿਚ ਨਿਮਰਤਾ ਅਤੇ ਕਰਮ ਵਿਚ ਦ੍ਰਿੜਤਾ ਆਉਂਦੀ ਗਈ। ਹੁਣ ਇਹ 12 ਸਾਲ ਦਾ ਹੋ ਚੁੱਕਿਆ ਹੈ। ਦਿਮਾਗ ਬਹੁਤ ਤੇਜ਼ ਹੈ। ਸਿਲਾਈ ਦੇ ਕੰਮ ਵਿਚ ਆਪਣੇ ਪਿਤਾ ਦੀ ਮੱਦਦ ਕਰਨ ਲੱਗ ਪਿਆ ਹੈ। ਉਹਨਾਂ ਨੂੰ ਕੰਮ ਕਰਦੇ ਹੋਏ ਵੇਖਦਾ ਰਹਿੰਦਾ ਹੈ। ਮਨ ਵਿਚ ਇਕ ਇੱਛਾ ਵਿਦਿਆ ਪ੍ਰਾਪਤੀ ਦੀ ਬਣੀ ਹੋਈ ਹੈ। ਪਰ ਬ੍ਰਾਹਮਣ ਸਮਾਜ ਪੜ੍ਹਾਉਣ ਲਈ ਤਿਆਰ ਨਹੀਂ।

ਇਕ ਦਿਨ ਸਰਦੀਆਂ ਦੇ ਦਿਨਾਂ ਵਿਚ ਇਹ ਸਤਿਸੰਗ ਕਰਨ ਲਈ ਧਰਮਸਾਲ ਨੂੰ ਜਾ ਰਿਹਾ ਹੈ। ਰਸਤੇ ਵਿਚ ਇਕ ਗਰੀਬ ਬ੍ਰਾਹਮਣ, ਜਿਸ ਨੇ ਆਪਣਾ ਨਾਮ ਲਾਲ ਚੰਦ ਦੱਸਿਆ, ਨੇ ਇਸ ਨੂੰ ਆਪਣੀ ਗਰੀਬੀ ਦਾ ਵਾਸਤਾ ਪਾਕੇ ਕਪੜੇ ਤੇ ਆਟਾ ਦਾਲ ਆਦਿ ਦੀ ਮੰਗ ਕੀਤੀ ਹੈ। ਮੋਹਕਮ ਚੰਦ ਦੇ ਤੇਜ਼ ਦਿਮਾਗ ਨੇ ਆਪਣੀ ਪੜ੍ਹਾਈ ਲਈ ਮੌਕਾ ਸੰਭਾਲਦੇ ਹੋਏ ਕਿਹਾ, 'ਪੰਡਤ ਜੀ, ਮੈਂ ਨੀਂਵੀਂ ਜਾਤੀ ਨਾਲ ਸਬੰਧ ਰੱਖਦਾ ਹਾਂ, ਪਰ ਜੇ ਮੈ ਤੁਹਾਡੀ ਹਰ ਮਹੀਨੇ ਦਾਲ ਰੋਟੀ ਅਤੇ ਬਸਤਰਾਂ ਆਦਿ ਨਾਲ ਸੇਵਾ ਕਰ ਦਿਆ ਕਰਾਂ ਤਾਂ ਕੀ ਤੁਸੀਂ ਮੈਨੂੰ ਪੜ੍ਹਾਈ ਵਿਦਿਆ ਸਿਖਾ ਸਕਦੇ ਹੋ?' ਪੰਡਤ ਜੀ ਨੇ ਕੁਝ ਪਲ ਸੋਚਿਆ ਅਤੇ ਉਸ ਨੂੰ ਹਾਂ ਕਰ ਦਿੱਤੀ। ਮੋਹਕਮ ਚੰਦ ਨੇ ਧਰਮਸਾਲ ਵਿਚ ਇਹ ਸਾਰੀ ਗੱਲ ਕੀਤੀ। ਲੱਗਭੱਗ ਸਾਰੀ ਸੰਗਤ ਨੇ ਕੁਝ ਨਾ ਕੁਝ ਦੇਣ ਦੀ ਹਾਮੀ ਭਰ ਦਿੱਤੀ ਅਤੇ ਮੋਹਕਮ ਚੰਦ ਦੀ ਪੜ੍ਹਾਈ ਦਾ ਇੰਤਜ਼ਾਮ ਹੋ ਗਿਆ। ਪਰ ਬ੍ਰਾਹਮਣ ਸਮਾਜ ਨੂੰ ਇਹ ਗੱਲ ਪਚੀ ਨਹੀਂ। ਪਹਿਲਾਂ ਤਾਂ ਉਹ ਪੰਡਤ ਲਾਲ ਚੰਦ ਕੋਲ ਗਏ ਅਤੇ ਉਸ ਨੂੰ ਬੁਰਾ ਭਲਾ ਕਿਹਾ ਕਿ ਤੂੰ ਨੀਚ ਜਾਤਾਂ ਦਾ ਅੰਨ ਖਾ ਕੇ ਸਾਰੀ ਬਰਾਦਰੀ ਦਾ ਨੱਕ ਕਟਵਾ ਦਿੱਤਾ ਹੈ ਅਤੇ ਉਸ ਨੂੰ ਵਿਦਿਆ ਦਾ ਅਧਿਕਾਰੀ ਬਣਾ ਕੇ ਸਾਡੀ ਰੋਜ਼ੀ ਰੋਟੀ ਤੇ ਵੀ ਲੱਤ ਮਾਰ ਰਿਹਾ ਹੈਂ। ਪੰਡਤ ਲਾਲ ਚੰਦ ਨੇ ਉਹਨਾਂ ਨੂੰ ਖਰੀਆਂ ਖਰੀਆਂ ਸੁਣਾਈਆਂ ਕਿ ਜਦੋਂ ਮੈਂ ਤੁਹਾਡੇ ਦਰਾਂ ਤੇ ਜਾ ਕੇ ਮੱਦਦ ਲਈ ਬੇਨਤੀ ਕੀਤੀ ਸੀ, ਉਦੋਂ ਤੁਸੀਂ ਮੈਨੂੰ ਧੱਕੇ ਮਾਰ ਕੇ ਬਾਹਰ ਕੱਢਿਆ ਸੀ। ਹੁਣ ਜੇ ਮੇਰੀ ਰੋਟੀ ਰੋਜ਼ੀ ਦਾ ਪ੍ਰਬੰਧ ਹੋਇਆ ਹੈ, ਤਾਂ ਵੀ ਤੁਹਾਨੂੰ ਮਿਰਚਾਂ ਲੱਗ ਰਹੀਆਂ ਹਨ।

ਬ੍ਰਾਹਮਣ ਬਰਾਦਰੀ ਉਸ ਨੂੰ ਤਾਂ ਕੁੱਝ ਨਾ ਕਹਿ ਸਕੀ ਪਰ ਮੋਹਕਮ ਚੰਦ ਤੇ ਮੁਕੱਦਮਾ ਕਰ ਦਿੱਤਾ ਕਿ ਸਮਾਜ ਦੇ ਕਾਨੂੰਨ ਅਨੁਸਾਰ ਜਦੋਂ ਇਸ ਨੂੰ ਵਿਦਿਆ ਦੇਣ ਤੋਂ ਮਨਾ ਕੀਤਾ ਤਾਂ ਇਸ ਨੇ ਹਿੰਦੂ ਦੇਵੀ ਦੇਵਤਿਆਂ ਦੇ ਬਾਰੇ ਵਿਚ ਬੁਰੇ ਬੋਲ ਬੋਲੇ। ਦਵਾਰਕਾ ਦਾ ਰਾਜਾ ਯਸ਼ਵੰਤ ਰਾਏ ਸੀ ਅਤੇ ਇਨਸਾਫ਼ ਪਸੰਦ ਸੀ। ਜਦੋਂ ਇਸ ਨੇ ਮੁਕਦਮਾ ਸੁਣਨਾਂ ਸ਼ੁਰੂ ਕੀਤਾ ਤਾਂ ਬ੍ਰਾਹਮਣਾਂ ਨੇ ਬਹੁਤ ਝੂਠ ਬੋਲਿਆ। ਪਰ ਗੁਰੂ ਨਾਨਕ ਨਾਮ ਲੇਵਾ ਸੰਗਤ ਵਲੋਂ ਭਾਈ ਟਿੱਕਾ ਮੱਲ ਜੀ ਨੇ ਸਫ਼ਾਈ ਪੇਸ਼ ਕੀਤੀ। ਉਹਨਾਂ ਨੇ ਪੰਡਤ ਲਾਲ ਚੰਦ ਨੂੰ ਵੀ ਪੇਸ਼ ਕਰ ਦਿੱਤਾ। ਦਵਾਰਕਾ ਦੇ ਰਾਜੇ ਨੇ ਮੋਹਕਮ ਚੰਦ ਨੂੰ ਨਾ ਕੇਵਲ ਬਰੀ ਕੀਤਾ ਸਗੋਂ ਇਹ ਵੀ ਕਿਹਾ ਕਿ ਜੇ ਕਰ ਕੋਈ ਪੰਡਤ ਜੀ ਵਰਗਾ ਲੋੜਵੰਦ ਮਿਲੇ ਤਾਂ ਉਸ ਨੂੰ ਸਰਕਾਰੀ ਖਜ਼ਾਨੇ ਵਿਚੋਂ ਮੱਦਦ ਦਿਵਾ ਦਿਆ ਕਰੋ।

ਮੋਹਕਮ ਚੰਦ ਦੀ ਉਮਰ 14 ਸਾਲ ਦੀ ਹੋ ਗਈ। ਉਹ ਕਈ ਵਿਦਿਆਵਾਂ ਦੇ ਜਾਣੂ ਹੋ ਗਏ। ਸਿਲਾਈ ਦੇ ਕੰਮ ਵਿਚ ਉਹਨਾਂ ਦਾ ਹੱਥ ਬਹੁਤ ਸਾਫ਼ ਹੋ ਗਿਆ। ਆਪਣੇ ਦਿਮਾਗ ਨਾਲ ਉਹ ਅਜਿਹਾ ਡੀਜ਼ਾਈਨ ਤਿਆਰ ਕਰਦੇ ਕਿ ਵੇਖਣ ਪਹਿਨਣ ਵਾਲਾ ਹੈਰਾਨ ਰਹਿ ਜਾਂਦਾ। ਇਕ ਦਿਨ ਯਸ਼ਵੰਤ ਰਾਏ ਨੇ ਮੋਹਕਮ ਚੰਦ ਨੂੰ ਮਹਿਲ ਵਿਚ ਬੁਲਾਇਆ। ਬਹੁਤ ਹੀ ਸਤਿਕਾਰ ਦਿੱਤਾ ਅਤੇ ਆਪਣੀ ਪੋਸ਼ਾਕ ਲਈ ਸੁੰਦਰ ਕੀਮਤੀ ਕੱਪੜਾ ਅਤੇ ਕੀਮਤੀ ਹੀਰੇ ਮੋਤੀ ਦਿੱਤੇ। ਮੋਹਕਮ ਚੰਦ ਨੇ 4 ਮਹੀਨੇ ਵਿਚ ਬਹੁਤ ਸੁੰਦਰ ਪੁਸ਼ਾਕ ਤਿਆਰ ਕੀਤੀ। ਯਸ਼ਵੰਤ ਰਾਏ ਬਹੁਤ ਖੁਸ਼ ਹੋਏ ਅਤੇ ਕਿਹਾ 'ਭਾਈ ਮੋਹਕਮ ਚੰਦ ਜੀ, ਤੁਹਾਡਾ ਮੇਹਨਤਾਨਾਂ ਤਾਂ ਮੈ ਦੇਣਾ ਹੀ ਹੈ ਪਰ ਮੈ ਕੁਝ ਇਨਾਮ ਵੀ ਦੇਣਾ ਚਾਹੁੰਦਾ ਹਾਂ'। ਮੋਹਕਮ ਚੰਦ ਜੀ ਬੋਲੇ, "ਜੇ ਮੈਂ ਦੋਨੋ ਚੀਜ਼ਾਂ ਮੰਗ ਕੇ ਲਵਾਂ ਤਾਂ?" ਯਸ਼ਵੰਤ ਰਾਏ ਨੇ ਕਿਹਾ, 'ਤੁਸੀਂ ਜੋ ਮੰਗੋਗੇ, ਉਹ ਮਿਲੇਗਾ'। ਮੋਹਕਮ ਚੰਦ ਨੇ ਕਿਹਾ ਕਿ ਮੈਂ ਗੁਰੂ ਗੋਬਿੰਦ ਰਾਏ ਜੀ ਲਈ ਇਕ ਪੋਸ਼ਾਕ ਤਿਆਰ ਕਰਕੇ ਲਿਜਾਣਾ ਚਾਹੁੰਦਾ ਹਾਂ। ਇਸ ਲਈ ਜੇਕਰ ਆਪਣੇ ਤੋਸ਼ੇਖਾਨੇ (ਖਜ਼ਾਨੇ) ਵਿਚੋਂ ਸੱਭ ਤੋਂ ਵਧੀਆ ਕੱਪੜਾ ਮੈਨੂੰ ਦੇ ਦਿਓ ਤਾਂ ਮੈ ਆਪ ਦਾ ਸਦਾ ਹੀ ਰਿਣੀ ਰਹਾਂਗਾ। ਯਸ਼ਵੰਤ ਰਾਏ ਨੇ ਸੱਭ ਤੋਂ ਵਧੀਆ ਕੱਪੜਾ ਤਾਂ ਦਿੱਤਾ ਹੀ ਅਤੇ ਆਪਣੀ ਵੱਲੋਂ ਬਹੁਤ ਸਾਰੇ ਕੀਮਤੀ ਮੋਤੀ ਅਤੇ ਹੀਰੇ ਵੀ ਦਿੱਤੇ। ਮੋਹਕਮ ਚੰਦ ਜੀ ਨੇ ਗੁਰੂ ਸਾਹਿਬ ਲਈ ਇਸ ਤਰੀਕੇ ਨਾਲ ਪੋਸ਼ਾਕ ਤਿਆਰ ਕੀਤੀ ਕਿ ਜੇਕਰ ਸਾਈਜ਼ ਵਿਚ ਕੋਈ ਵਾਧ ਘਾਟ ਕਰਨੀ ਪਵੇ ਤਾਂ ਵੀ ਉਸ ਦੇ ਡੀਜ਼ਾਈਨ ਵਿਚ ਕੋਈ ਫ਼ਰਕ ਨਾ ਪਵੇ ਅਤੇ ਸਮਾਂ ਵੀ ਘੱਟ ਤੋਂ ਘੱਟ ਲੱਗੇ।

1694 ਈਸਵੀ ਦੇ ਮਾਰਚ ਮਹੀਨੇ ਭਾਈ ਟਿੱਕਾ ਮੱਲ ਜੀ ਨੇ ਅਰਦਾਸਾ ਸੋਧਿਆ, ਕਮਰਕਸਾ ਕੀਤਾ, ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਸੰਗਤ ਸ੍ਰੀ ਆਨੰਦਪੁਰ

ਸਾਹਿਬ ਲਈ ਰਵਾਨਾ ਹੋਈ। ਰਸਤੇ ਦੀਆਂ ਮੰਜ਼ਿਲਾਂ ਤੈਅ ਕਰਦੇ ਹੋਏ ਸੰਗਤ 5 ਅਪ੍ਰੈਲ ਨੂੰ ਸ਼ਬਦ ਕੀਰਤਨ ਕਰਦੀ ਆਨੰਦਪੁਰ ਸਾਹਿਬ ਪਹੁੰਚ ਗਈ। ਸਾਰੇ ਆਨੰਦਪੁਰ ਸਾਹਿਬ ਦੀ ਧਰਤੀ ਨੂੰ ਹੱਥ ਲਾ ਕੇ ਫਿਰ ਮੱਥੇ ਨੂੰ ਛੁਹਾਂਉਂਦੇ ਹਨ। ਮਨ ਵਿਚ ਇਹ ਵਿਸ਼ਵਾਸ ਹੈ ਕਿ ਇਸ ਧਰਤੀ ਨੂੰ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਰਾਏ ਜੀ ਦੇ ਚਰਨਾਂ ਦੀ ਛੋਹ ਮਿਲੀ ਹੋਈ ਹੈ। ਹੁਣ ਇੰਤਜ਼ਾਰ ਹੈ ਕਿ ਕਦੋਂ ਗੁਰੂ ਸਾਹਿਬ ਜੀ ਦੇ ਦਰਸ਼ਨ ਹੋਣ। ਭਾਈ ਟਿੱਕਾ ਮੱਲ ਜੀ ਨੇ ਆਪਣੇ ਨਾਲ ਆਈ ਸਾਰੀ ਸੰਗਤ ਦੀ ਸੂਚਨਾ ਗੁਰੂ ਸਾਹਿਬ ਜੀ ਨੂੰ ਭਾਈ ਦਇਆ ਸਿੰਘ ਜੀ ਰਾਹੀਂ ਭੇਜ ਦਿੱਤੀ। ਗੁਰੂ ਸਾਹਿਬ ਜੀ ਵੱਲੋਂ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਦਾ ਸਮਾਂ ਦਿੱਤਾ ਗਿਆ। ਲੰਗਰ ਛੱਕ ਕੇ ਸਾਰੀ ਸੰਗਤ ਆਪੋ ਅਪਣੇ ਥਾਂਵਾਂ ਤੇ ਆਰਾਮ ਕਰ ਰਹੀ ਹੈ ਅਤੇ ਥਕਾਵਟ ਕਾਰਨ ਘੂਕ ਸੌਂ ਰਹੀ ਹੈ ਪਰ ਭਾਈ ਮੋਹਕਮ ਚੰਦ ਚੌਂਕੜਾ ਲਗਾ ਕੇ ਸਿਮਰਨ ਵਿਚ ਜੁੜ ਗਏ ਹਨ। ਨੀਂਦ ਉਹਨਾਂ ਦੇ ਨੇੜੇ ਤੇੜੇ ਵੀ ਨਹੀ ਹੈ। ਅੰਮ੍ਰਿਤ ਵੇਲੇ ਸੱਭ ਤੋਂ ਪਹਿਲਾਂ ਕੇਸੀਂ ਇਸ਼ਨਾਨ ਕਰਕੇ ਦੀਵਾਨ ਵਾਲੇ ਅਸਥਾਨ ਤੇ ਪਹੁੰਚ ਜਾਂਦੇ ਹਨ। ਉਹਨਾਂ ਤੋਂ ਕਾਫੀ ਦੇਰ ਬਾਅਦ ਭਾਈ ਟਿੱਕਾ ਮੱਲ ਜੀ ਆਏ ਹਨ। ਨਿਤਨੇਮ ਦੇ ਵੇਲੇ ਤੱਕ ਬਹੁਤ ਸਾਰੀ ਸੰਗਤ ਆ ਚੁੱਕੀ ਹੈ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਪਹਿਲਾਂ ਹੀ ਗੁਰੂ ਸਾਹਿਬ ਜੀ ਵੀ ਆ ਗਏ ਹਨ। ਦੀਵਾਨ ਦੀ ਸਮਾਪਤੀ ਤੋਂ ਪਿਛੋਂ ਭਾਈ ਦਇਆ ਰਾਮ ਜੀ ਨੇ ਖੜੇ ਹੋ ਕੇ ਫ਼ਤਿਹ ਬੁਲਾਈ ਹੈ। ਫਿਰ ਦਵਾਰਕਾ ਦੀਆਂ ਸੰਗਤਾਂ ਦੇ ਆਉਣ ਬਾਰੇ ਦੱਸ ਕੇ ਸਾਰੀ ਸੰਗਤ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਬਾਕੀ ਸਾਰੀ ਸੰਗਤ ਦੀ ਗੁਰੂ ਸਾਹਿਬ ਜੀ ਨਾਲ ਮੁਲਾਕਾਤ ਜੱਥੇਦਾਰ ਭਾਈ ਟਿੱਕਾ ਮੱਲ ਜੀ ਕਰਾਉਣਗੇ।

ਜੱਥੇਦਾਰ ਜੀ ਅਜੇ ਸੋਚ ਹੀ ਰਹੇ ਹਨ ਕਿ ਪਹਿਲਾਂ ਕਿਸ ਨੂੰ ਮਿਲਾਇਆ ਜਾਵੇ, ਤਾਂ ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਫ਼ਤਿਹ ਦਾ ਜੈਕਾਰਾ ਲਗਾ ਕੇ ਉਚਾਰਣ ਕੀਤਾ, "ਵੈਸੇ ਤਾਂ ਅਸਾਨੂੰ ਸਾਰੀ ਸੰਗਤ ਹੀ ਖਿੱਚ ਪਾਉਂਦੀ ਹੈ। ਅਸੀਂ ਸੱਭ ਜਾਣਦੇ ਹਾਂ ਕਿ ਇਤਨੀ ਦੂਰੋਂ ਜੇਕਰ ਕੋਈ ਚੱਲ ਕੇ ਆਇਆ ਹੈ ਤਾਂ ਉਹ ਪ੍ਰੇਮ ਦੇ ਬੰਧਨ ਵਿਚ ਬੰਨਿਆਂ ਹੀ ਆਇਆ ਹੈ। ਪਰ ਇਕ ਸੱਜਣ ਪਿਆਰੇ ਨੇ ਸਾਰੀ ਰਾਤ ਅਸਾਨੂੰ ਆਰਾਮ ਨਹੀਂ ਕਰਨ ਦਿੱਤਾ। ਇਕ ਵਾਰੀ ਤਾਂ ਅਸੀਂ ਨੰਗੇ ਪੈਰੀਂ ਹੀ ਦੌੜ ਕੇ ਉਸ ਕੋਲ ਆਏ ਵੀ ਸੀ, ਪਰ ਉਸ ਦੀ ਭਗਤੀ ਨੂੰ ਭੰਗ ਕਰਨ ਦਾ ਅਸਾਡਾ ਮਨ ਨਹੀਂ ਕੀਤਾ" ਭਾਈ ਮੋਹਕਮ ਚੰਦ ਜੀ ਖੜੇ ਹੋ ਗਏ। ਦੋਵੇਂ ਹੱਥ ਜੁੜ ਗਏ। ਕਹਿਣ ਲੱਗੇ, "ਮੁਆਫ਼ੀ ਦੇ ਦਿਓ ਸਤਿਗੁਰੂ ਜੀ, ਮੈਂ ਤਾਂ ਵੱਡੇ ਸਤਿਗੁਰੂ ਜੀ ਦੀ ਬਾਣੀ ਪੜ੍ਹ ਰਿਹਾ ਸੀ, ***'ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ***

*ਵਿਹਾਵੈ ਨੀਦ ਨਾ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਓ॥ '* ਆਨੰਦਪੁਰ ਦੀ ਧਰਤੀ ਦੀ ਬਰਕਤ ਹੈ ਜਾਂ ਕੁਝ ਹੋਰ,ਐਸਾ ਆਨੰਦ ਬਣਿਆ ਕਿ ਮੈਂਨੂੰ ਪਤਾ ਹੀ ਨਹੀਂ ਲੱਗਿਆ ਕਿ ਮੈਂ ਕਿਥੇ ਬੈਠਾ ਹਾਂ?" ਗੁਰੂ ਸਾਹਿਬ ਜੀ ਨੇ ਫੁਰਮਾਇਆ, "ਧਰਤੀ ਦਾ ਫ਼ਰਕ ਵੀ ਹੈ, ਪਰ ਇਹ ਆਨੰਦ ਸੱਭ ਦੇ ਅੰਦਰ ਹੈ, ਇਸ ਤਰਾਂ ਕੋਈ ਵੀ ਕਿਤੇ ਵੀ ਬਾਣੀ ਪੜ੍ਹੇਗਾ, ਅਸਾਡੇ ਤੱਕ ਪੁਹੰਚਦੀ ਹੀ ਪੁਹੰਚਦੀ ਹੈ" ਫਿਰ ਭਾਈ ਟਿੱਕਾ ਮੱਲ ਜੀ ਨੂੰ ਕਿਹਾ ਹੁਣ ਤੁਸੀਂ ਆਖੋ ਜੀ ਕੀ ਕਹਿਣਾ ਹੈ"?

ਅਸੀਂ ਦੁਆਰਕਾ ਤੋਂ ਸੰਗਤੀ ਰੂਪ ਵਿਚ ਆਪ ਜੀ ਦਰਸ਼ਨਾਂ ਨੂੰ ਆਏ ਹਾਂ। ਜੋ ਸੰਗਤ ਨਹੀਂ ਆਈ ਉਹਨਾਂ ਵੱਲੋਂ ਦਿੱਤੀ ਭੇਟਾ ਗੁਰੂ ਕੇ ਖਜ਼ਾਨੇ ਵਿਚ ਜਮਾਂ ਕਰਵਾ ਦਿੱਤੀ ਹੈ, ਬਾਕੀ ਸੰਗਤ ਆਪ ਜੀ ਕੋਲ ਹਾਜ਼ਰ ਹੈ। ਇਹ ਭਾਈ ਮੋਹਕਮ ਚੰਦ ਹੈ, ਸਿਲਾਈ ਦਾ ਕੰਮ ਬਹੁਤ ਹੀ ਵਧੀਆ ਕਰਦਾ ਹੈ। ਇਸ ਨੇ ਆਪਣੇ ਹੱਥੀਂ ਇਕ ਪੋਸ਼ਾਕ ਆਪ ਜੀ ਲਈ ਤਿਆਰ ਕੀਤੀ ਹੈ। ਭਾਈ ਮੋਹਕਮ ਚੰਦ ਨੇ ਇਕ ਥਾਲ ਵਿਚ ਪੋਸ਼ਾਕ ਰੱਖ ਕੇ ਗੁਰੂ ਸਾਹਿਬ ਜੀ ਨੂੰ ਭੇਟ ਕਰਕੇ ਚਰਨਾਂ ਤੇ ਮੱਥਾ ਟੇਕਿਆ। ਫਿਰ ਕਹਿਣ ਲੱਗਿਆ, 'ਸਤਿਗੁਰੂ ਜੀ, ਇਹ ਪੋਸ਼ਾਕ ਤਾਂ ਸਾਡੇ ਵੱਲੋਂ ਤਿਆਰ ਕੀਤੀ ਗਈ ਹੈ, ਪਰ ਇਸ ਉਪਰ ਜੋ ਹੀਰੇ ਮੋਤੀ ਲਗਾਏ ਹਨ, ਇਹ ਰਾਜੇ ਯਸ਼ਵੰਤ ਰਾਏ ਨੇ ਦਿੱਤੇ ਹਨ, ਇਹ 500 ਮੋਹਰਾਂ ਵੀ ਉਹਨਾਂ ਨੇ ਹੀ ਭੇਜੀਆਂ ਹਨ। ਪ੍ਰਵਾਨ ਕਰੋ ਜੀ। ਇਤਨੇ ਨੂੰ ਮਾਤਾ ਸੰਭਾਲੀ ਦੇਵੀ ਜੀ ਨੇ ਆਪਣੇ ਦਸਵੰਧ ਦੀ ਭੇਟਾ ਵੀ ਗੁਰੂ ਚਰਨਾਂ ਵਿਚ ਹਾਜ਼ਰ ਕੀਤੀ। ਪਿਤਾ ਜੀ ਨੇ ਵੀ ਚਰਨਾਂ ਤੇ ਮੱਥਾ ਟੇਕਿਆ। ਗੁਰੂ ਸਾਹਿਬ ਜੀ ਨੇ ਆਸ਼ੀਰਵਾਦ ਦਿੰਦੇ ਹੋਏ ਪੋਸ਼ਾਕ ਨੂੰ ਆਪਣੇ ਅੰਗ ਲਗਾਇਆ ਅਤੇ ਕਹਿਣਾ ਕੀਤਾ, ਭਾਈ ਮੋਹਕਮ ਚੰਦ ਜੀ, ਬੱਸ ਇਕ ਪੋਸ਼ਾਕ ਹੀ ਸਿਉਂ ਕੇ ਦਿਓਗੇ। ਅਸੀ ਤਾਂ ਬਹੁਤ ਪੋਸ਼ਾਕਾਂ ਤੁਹਾਡੇ ਕੋਲੋਂ ਸਿਲਾਉਣੀਆਂ ਹਨ। ਅਸੀਂ ਹੁਣ ਤੁਹਾਨੂੰ ਜਾਣ ਨਹੀਂ ਦੇਣਾ"। ਮੋਹਕਮ ਚੰਦ ਬੋਲਿਆ, 'ਮੈਂ ਤਾਂ ਰਾਤ ਵਾਲੇ ਆਨੰਦ ਤੋਂ ਬਾਅਦ ਪਹਿਲਾਂ ਹੀ ਇਹ ਮਨ ਬਣਾ ਲਿਆ ਹੈ ਕਿ ਮੈਂ ਹੁਣ ਇਥੇ ਰਹਿ ਕੇ ਹੀ ਸੇਵਾ ਕਰਿਆ ਕਰਾਂਗਾ ਜੀ'। ਗੁਰੂ ਸਾਹਿਬ ਜੀ ਨੇ ਮਾਤਾ ਪਿਤਾ ਵੱਲ ਪਵਿੱਤਰ ਮੁੱਖ ਕਰਕੇ ਕਿਹਾ, "ਤੁਸੀਂ ਵੀ ਹਰ ਸਾਲ ਸਾਡੇ ਦਰਸ਼ਨ ਲਈ ਆ ਜਾਇਆ ਕਰੋ। ਮੋਹਕਮ ਚੰਦ ਹੁਣ ਇਥੇ ਹੀ ਰਹੇਗਾ। ਇਹ ਹੁਣ ਅਸਾਡਾ 'ਪਿਆਰਾ' ਬੱਚਾ ਹੈ"। ਅੱਜ ਗੁਰੂ ਸਾਹਿਬ ਜੀ ਇਤਨੇ ਖੁਸ਼ ਸਨ ਕਿ ਸਾਰੀ ਸੰਗਤ ਨੂੰ ਬਹੁਤ ਬਖਸ਼ਿਸ਼ਾਂ ਕੀਤੀਆਂ। ਅੱਜ ਗੁਰੂ ਸਾਹਿਬ ਜੀ ਨੇ ਮੂੰਹੋਂ ਮੰਗੀਆਂ ਮੁਰਾਦਾਂ ਪੂਰੀਆਂ ਕੀਤੀਆਂ। ਰਾਜੇ ਯਸ਼ਵੰਤ ਰਾਏ ਲਈ ਵੀ ਸਿਰੋਪਾਓ ਅਤੇ ਪ੍ਰਸ਼ਾਦ ਜਥੇਦਾਰ ਭਾਈ ਟਿੱਕਾ ਮੱਲ ਜੀ ਨੂੰ ਸੌਂਪਣਾ ਕੀਤਾ।

ਭਾਈ ਮੋਹਕਮ ਚੰਦ ਦੀ ਉਮਰ ਇਸ ਵੇਲੇ 15 ਸਾਲ ਹੈ। ਇਹ ਹੁਣ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹਰ ਸਮੇਂ ਤੱਤਪਰ ਰਹਿੰਦੇ ਹਨ। ਭਾਈ ਦਇਆ ਰਾਮ ਜੀ ਦੀ ਸ਼ਗਿਰਦੀ ਵਿਚ ਇਹਨਾਂ ਗੁਰਮਤਿ,ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਸਿੱਖਣੀ ਸ਼ੁਰੂ ਕਰ ਦਿੱਤੀ ਹੈ। ਆਪਣੇ ਤੇਜ਼ ਦਿਮਾਗ ਨਾਲ ਸੱਭ ਕੁਝ ਬਹੁਤ ਛੇਤੀ ਸਿੱਖ ਜਾਂਦੇ ਹਨ। ਗੁਰੂ ਸਾਹਿਬ ਜੀ ਕਈ ਵਾਰੀ ਆਪ ਵੀ ਅਭਿਆਸ ਕਰਾਉਂਦੇ ਹਨ। ਗੁਰੂ ਸਾਹਿਬ ਜੀ ਨੂੰ ਇਹਨਾਂ ਵੱਲੋਂ ਤਿਆਰ ਕੀਤੀ ਪੋਸ਼ਾਕ ਇਤਨੀ ਪਸੰਦ ਆਈ ਕਿ ਹੁਣ ਸਾਰੇ ਪਰਿਵਾਰ ਦੀਆਂ ਪੋਸ਼ਾਕਾਂ ਇਹ ਹੀ ਤਿਆਰ ਕਰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਰਹਿੰਦਿਆਂ ਹੋਇਆ ਇਕ ਸਾਲ ਬੀਤ ਗਿਆ ਹੈ। ਇਥੇ ਹੀ ਛੀਂਬਾ ਬਿਰਾਦਰੀ ਵਿਚੋਂ ਗੁਰੂ ਘਰ ਦਾ ਇਕ ਸੇਵਕ ਪਰਿਵਾਰ ਰਹਿੰਦਾ ਹੈ। ਨਾਮ ਹੈ ਭਾਈ ਹੰਸ ਰਾਜ। ਸਾਰਾ ਪਰਿਵਾਰ ਗੁਰੂ ਸਾਹਿਬ ਜੀ ਦੇ ਸੈਨਿਕਾਂ ਲਈ ਵਰਦੀਆਂ ਸਿਉਣ ਦਾ ਕੰਮ ਕਰਦਾ ਹੈ। ਇਹਨਾਂ ਨੇ ਇਕ ਦਿਨ ਗੁਰੂ ਸਾਹਿਬ ਜੀ ਕੋਲ ਆਪਣੀ ਬੇਟੀ ਬੀਬੀ ਸੁੱਖ ਦੇਈ ਦਾ ਰਿਸ਼ਤਾ ਭਾਈ ਮੋਹਕਮ ਚੰਦ ਜੀ ਨਾਲ ਕਰਨ ਲਈ ਬੇਨਤੀ ਕੀਤੀ ਹੈ। ਗੁਰੂ ਸਾਹਿਬ ਜੀ ਨੇ ਇਹ ਰਿਸ਼ਤਾ ਭਾਈ ਮੋਹਕਮ ਚੰਦ ਦੇ ਮਾਤਾ ਪਿਤਾ ਨਾਲ ਗੱਲ ਕਰਕੇ ਤੈਅ ਕਰ ਦਿੱਤਾ ਹੈ। ਸਾਲ 1697 ਈਸਵੀ ਵਿਚ ਦਵਾਰਕਾ ਦੀ ਸੰਗਤ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਦੇ ਲਈ ਆਈ। ਇਸ ਵਿਚ ਰਾਜਾ ਯਸ਼ਵੰਤ ਰਾਏ, ਭਾਈ ਮੋਹਕਮ ਚੰਦ ਦੇ ਮਾਤਾ ਪਿਤਾ, ਚਾਚਾ ਅਤੇ ਚਚੇਰਾ ਭਰਾ ਵੀ ਸ਼ਾਮਲ ਹਨ। ਇਸ ਸਾਲ ਗੁਰੂ ਸਾਹਿਬ ਜੀ ਭਾਈ ਮੋਹਕਮ ਚੰਦ ਦਾ ਬੀਬੀ ਸੁੱਖਦੇਈ ਜੀ ਨਾਲ ਵਿਆਹ ਕਰਵਾ ਦਿੰਦੇ ਹਨ। ਜਨਵਰੀ 1699 ਈਸਵੀ ਵਿਚ ਇਹਨਾ ਦੇ ਘਰ ਪਹਿਲੀ ਸੰਤਾਨ – ਪੁੱਤਰ ਦੀ ਬਖਸ਼ਿਸ਼ ਹੁੰਦੀ ਹੈ। ਗੁਰੂ ਸਾਹਿਬ ਜੀ ਨੇ ਆਪ ਨਾਮ ਰੱਖਿਆ ਹੈ– ਸੁੰਦਰ ਸਿੰਘ।

ਇਸੇ ਸਾਲ ਵਿਸਾਖੀ ਤੇ ਗੁਰੂ ਸਾਹਿਬ ਜੀ ਵੱਲੋਂ ਸੀਸ ਦੀ ਮੰਗ ਕਰਨ ਤੇ ਚੌਥੇ ਸਥਾਨ ਤੇ ਭਾਈ ਮੋਹਕਮ ਸਿੰਘ ਜੀ ਉਠੇ ਅਤੇ ਆਪਣਾ ਸੀਸ ਭੇਟ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ। ਅੱਜ ਦੇ ਹੀ ਦਿਨ ਇਹਨਾਂ ਦੇ ਪਰਿਵਾਰ ਨੇ ਵੀ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

ਸੰਨ 1699 ਈਸਵੀ ਤੋਂ 1703 ਈਸਵੀ ਤੱਕ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਜੀ ਵੱਲੋਂ ਲਏ ਗਏ ਹਰ ਫ਼ੈਸਲੇ ਵਿਚ ਉਹ ਪੰਜ ਪਿਆਰੇ ਸਾਹਿਬਾਨ ਨਾਲ ਹੁੰਦੇ ਸਨ। ਇਸ ਸਮੇਂ ਦੌਰਾਨ ਗੁਰੂ ਸਾਹਿਬ ਜੀ ਵੱਲੋਂ ਲੜੇ ਗਏ ਛੋਟੇ ਵੱਡੇ ਜੰਗਾਂ ਵਿਚ ਭਾਈ ਮੋਹਕਮ ਸਿੰਘ ਜੀ ਨੇ ਬਹੁਤ ਬਹਾਦਰੀ ਨਾਲ ਲੜਾਈ ਕੀਤੀ। ਜਦੋਂ ਮਾਹੌਲ

ਸ਼ਾਂਤੀ ਵਾਲਾ ਹੁੰਦਾ ਉਸ ਸਮੇਂ ਉਹ ਸੇਵਾ ਤੇ ਸਿਮਰਨ ਵਿਚ ਜੁੱਟ ਜਾਂਦੇ। ਇਸ ਸਮੇ ਦੌਰਾਨ ਉਹਨਾਂ ਦੇ ਘਰ ਵਿਚ ਇੱਕ ਪੁੱਤਰ ਹੀਰਾ ਸਿੰਘ ਅਤੇ ਬੱਚੀ ਬੀਬੀ ਰਤਨਾਗਰ ਕੌਰ ਨੇ ਜਨਮ ਲਿਆ। ਸੰਨ 1703 ਦੇ ਆਖਿਰ ਵਿਚ ਦਵਾਰਕਾ ਤੋਂ ਆਈ ਹੋਈ ਸੰਗਤ ਵਾਪਸ ਜਾ ਰਹੀ ਸੀ ਤਾਂ ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਆਪਣੀ ਪਤਨੀ ਅਤੇ ਦੋਵੇਂ ਛੋਟੇ ਬੱਚਿਆਂ ਨੂੰ ਦਵਾਰਕਾ ਭੇਜ ਦਿੱਤਾ। ਗੁਰੂ ਸਾਹਿਬ ਜੀ ਨੇ ਤਾਂ 4 ਸਾਲ ਦੇ ਵੱਡੇ ਲੜਕੇ ਸੁੰਦਰ ਸਿੰਘ ਨੂੰ ਵੀ ਨਾਲ ਹੀ ਲੈ ਜਾਣ ਲਈ ਕਿਹਾ ਸੀ, ਪਰ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਸਾਹਿਬ ਜੀ ਨੂੰ ਕਹਿ ਕੇ ਸੁੰਦਰ ਸਿੰਘ ਨੂੰ ਰੁਕਵਾ ਲਿਆ ਸੀ। 1704 ਈਸਵੀ ਵਿਚ ਜਦੋਂ ਸਰਸਾ ਦੇ ਕੰਢੇ ਪਰਿਵਾਰ ਵਿਛੋੜਾ ਹੋਇਆ ਤਾਂ ਮੁਗਲ ਸਿਪਾਹੀਆਂ ਨੇ ਬਾਲਕ ਸੁੰਦਰ ਸਿੰਘ ਨੂੰ ਬਾਬਾ ਫ਼ਤਿਹ ਸਿੰਘ ਦੇ ਭੁਲੇਖੇ ਫੜ ਲਿਆ ਸੀ। ਜਦੋਂ ਭੁਲੇਖਾ ਦੂਰ ਹੋਣ ਤੇ ਉਸ ਨੂੰ ਛੱਡਣ ਲੱਗੇ ਤਾਂ ਇਕ ਮੁਗਲ ਜਰਨੈਲ ਨੇ ਉਸ ਨੂੰ ਪੁੱਛ ਲਿਆ ਕਿ ਜੇ ਤੈਨੂੰ ਛੱਡ ਦੇਈਏ ਤਾਂ ਤੂੰ ਕੀ ਕਰੇਂਗਾ। ਉਸਨੇ ਬੜੀ ਚੜ੍ਹਦੀ ਕਲਾ ਵਿਚ ਕਿਹਾ ਸੀ, "4-5 ਸਿਪਾਹੀਆਂ ਨੂੰ ਤਾਂ ਮਾਰ ਹੀ ਦੇਵਾਂਗਾ" ਉਸ ਦੇ ਇਸ ਜਵਾਬ ਨਾਲ ਉਸੇ ਸਮੇਂ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ।

ਪਰਿਵਾਰ ਵਿਛੋੜੇ ਤੋਂ ਬਾਅਦ ਭਾਈ ਮੋਹਕਮ ਸਿੰਘ ਜੀ ਗੁਰੂ ਸਾਹਿਬ ਜੀ ਨਾਲ ਚਮਕੌਰ ਸਾਹਿਬ ਆ ਗਏ। ਚਮਕੌਰ ਦੀ ਜੰਗ ਵਿਚ ਇਹਨਾਂ ਨੇ ਬਾਬਾ ਅਜੀਤ ਸਿੰਘ ਦੇ ਜੱਥੇ ਵਿਚ ਉਹਨਾਂ ਦੀ ਕਮਾਨ ਹੇਠ ਲੜਾਈ ਲੜੀ ਅਤੇ ਕਮਾਲ ਦੀ ਬਹਾਦਰੀ ਨਾਲ ਯੁੱਧ ਕੀਤਾ ਅਤੇ ਸ਼ਹਾਦਤ ਦਾ ਜਾਮ ਪੀਤਾ। ਸ਼ਹਾਦਤ ਵਾਲੇ ਦਿਨ ਤੱਕ ਉਹਨਾਂ ਦੀ ਕੁੱਲ ਉਮਰ ਸੀ – 25 ਸਾਲ, 9 ਮਹੀਨੇ ਅਤੇ 01 ਦਿਨ ਅਤੇ ਤਰੀਕ ਸੀ 06 ਦਸੰਬਰ 1704 ਈਸਵੀ।

*******************************

# ਪਿਆਰੇ ਭਾਈ ਸਾਹਿਬ ਸਿੰਘ ਜੀ

ਦੱਖਣ ਦਾ ਇਕ ਸ਼ਹਿਰ ਹੈ 'ਬਿਦਰ'। ਅੱਜ ਕੱਲ ਇਹ ਕਰਨਾਟਕ ਰਾਜ ਵਿਚ ਪੈਂਦਾ ਹੈ। ਇਥੇ ਇਕ ਗਰੀਬ ਪਰਿਵਾਰ ਵਸਦਾ ਹੈ। ਪਰਿਵਾਰ ਦੇ ਮੁਖੀਏ ਦਾ ਨਾਮ ਹੈ– ਸ੍ਰੀ ਰਈਆ ਦੱਤ ਅਤੇ ਇਹਨਾਂ ਦੀ ਪਤਨੀ ਦਾ ਨਾਮ ਹੈ – ਤੁਲਸੀ ਦੇਵੀ। ਇਹਨਾਂ ਦੇ ਦੋ ਪੁੱਤਰ ਹਨ – ਵੱਡੇ ਪੁੱਤਰ ਦਾ ਨਾਮ ਸ੍ਰੀ ਗੁਰ ਨਰਾਇਣ ਅਤੇ ਛੋਟੇ ਪੁੱਤਰ ਦਾ ਨਾਮ ਸ੍ਰੀ ਚਮਨ ਦੱਤ ਹੈ। ਜਾਤ ਵਜੋਂ ਇਹ ਨਾਈ ਹਨ। ਉੱਚੀਆਂ ਜਾਤਾਂ, ਖਾਸ ਕਰਕੇ ਬ੍ਰਾਹਮਣ ਇਸ ਜਾਤ ਦੇ ਲੋਕਾਂ ਨੂੰ ਨਫ਼ਰਤ ਕਰਦੇ ਹਨ। ਲੋਕਾਂ ਦੀ ਹਜਾਮਤ ਕਰਨਾ ਅਤੇ ਖੁਸ਼ੀ ਗਮੀ ਦੇ ਮੌਕੇ ਤੇ ਲਾਗ ( ਮਿਹਨਤਾਨਾ ) ਲੈਣਾ ਇਹਨਾਂ ਦਾ ਪਿਤਾ ਪੁਰਖੀ ਧੰਧਾ ਹੈ। ਇਹ ਪਰਿਵਾਰ ਗਰੀਬ ਹੈ ਪਰ ਇਹਨਾਂ ਦਾ ਮਨ ਬਹੁਤ ਅਮੀਰ ਹੈ। ਸਾਰੀ ਮਨੁੱਖਤਾ ਦਾ ਭਲਾ ਮੰਗਦੇ ਹਨ। ਆਪਣੀ ਥੋੜੀ ਕਮਾਈ ਵਿਚੋਂ ਲੋੜਵੰਦਾਂ ਦੀ ਮੱਦਦ ਕਰਨਾ ਇਹਨਾਂ ਦਾ ਸੁਭਾਅ ਹੈ। ਸ੍ਰੀ ਗੁਰ ਨਰਾਇਣ ਦੀ ਪਤਨੀ ਦਾ ਨਾਮ ਬੀਬੀ ਅਨੁਕੰਪਾ ਹੈ ਅਤੇ ਛੋਟੇ ਚਮਨ ਦੱਤ ਦੀ ਪਤਨੀ ਦਾ ਨਾਮ ਬੀਬੀ ਬਿਸ਼ਨ ਦੇਵੀ ਹੈ। ਇਹ ਦੋਵੇਂ ਵੀ ਸ਼ੁਭ ਗੁਣਾਂ ਨਾਲ ਭਰਪੂਰ ਹਨ। ਨਿਮਰਤਾ ਅਤੇ ਸੇਵਾ ਭਾਵ ਇਹਨਾਂ ਦੇ ਹਿਰਦੇ ਅੰਦਰ ਵੀ ਬਹੁਤ ਹੈ। ਕੁਲ ਮਿਲਾ ਕੇ ਇਹ ਇਕ ਸੁਖੀ ਪਰਿਵਾਰ ਹੈ। ਸਮਾਂ ਹੈ 1675 ਈਸਵੀ ਦਾ।

3 ਨਵੰਬਰ 1675 ਈਸਵੀ ਨੂੰ ਗੁਰ ਨਰਾਇਣ ਜੀ ਦੇ ਘਰ ਪ੍ਰਮਾਤਮਾਂ ਦੀ ਮੇਹਰ ਹੁੰਦੀ ਹੈ। ਪ੍ਰਮਾਤਮਾਂ ਨੇ ਇਕ ਪੁੱਤਰ ਦੀ ਦਾਤ ਬਖਸ਼ੀ। ਘਰ ਵਿਚ ਖੁਸ਼ੀਆਂ ਦਾ ਮਾਹੌਲ ਹੈ। ਦਾਦਾ ਰਈਆ ਦੱਤ ਵੱਲੋਂ ਬਰਾਦਰੀ ਵਿਚ ਮਿਸ਼ਠਾਨ ਪਦਾਰਥ ਵੰਡੇ ਗਏ। ਸੱਭ ਦੀਆਂ ਵਧਾਈਆਂ ਪ੍ਰਵਾਨ ਕੀਤੀਆਂ। ਬੱਚੇ ਦਾ ਨਾਮ ਸਾਹਿਬ ਚੰਦ ਰੱਖਿਆ ਗਿਆ। ਦਾਦਾ ਜੀ ਦਾ ਸਾਹਿਬ ਨਾਲ ਮੋਹ ਬਹੁਤ ਜ਼ਿਆਦਾ ਹੈ। ਚਾਚੀ ਬਿਸ਼ਨ ਦੇਈ ਤਾਂ ਉਸ ਨੂੰ ਗੋਦੀ ਵਿਚੋਂ ਉਤਾਰਦੀ ਹੀ ਨਹੀਂ ਸੀ, ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਕੁਦਰਤ ਨੇ ਉਸ ਦੀ ਆਪਣੀ ਝੋਲੀ ਵਿਚ ਔਲਾਦ ਨਹੀ ਬਖਸ਼ੀ ਸੀ। ਦਾਦੀ ਦੇ ਮੂੰਹੋਂ ਹਰ ਸਮੇਂ ਅਸੀਸ ਭਰੀਆਂ ਲੋਰੀਆਂ ਹੀ ਨਿਕਲਦੀਆਂ ਸਨ। ਸਵੇਰੇ ਸ਼ਾਮ ਸਾਰਾ ਪਰਿਵਾਰ ਪ੍ਰਮਾਤਮਾ ਦੀ ਯਾਦ ਵਿਚ ਜੁੜ ਕੇ ਬੈਠਦਾ। ਘਰ ਵਿਚ ਬਣਾਏ ਛੋਟੇ ਜਿਹੇ ਮੰਦਰ ਵਿਚ ਭਜਨ ਬੰਦਗੀ ਕਰਦੇ। ਜਨਮ ਤੋਂ ਬਾਅਦ ਅਜਿਹੇ ਮਾਹੌਲ ਵਿਚ ਪਲ ਰਹੇ ਸਾਹਿਬ ਦਾ ਰੋਣਾ ਤਾਂ ਕਦੇ ਸੁਣਿਆਂ ਹੀ ਨਹੀਂ ਸੀ। ਜਦੋਂ ਸਾਹਿਬ ਥੋੜਾ ਵੱਡਾ ਹੋਇਆ

ਤਾਂ ਹੋਰ ਬੱਚਿਆਂ ਦੀ ਤਰ੍ਹਾਂ ਹੱਸਦਾ ਵੀ ਘੱਟ ਹੀ ਸੀ। ਸਾਹਿਬ ਦੇ ਇਸ ਗੰਭੀਰ ਸੁਭਾਅ ਨੂੰ ਵੇਖਦੇ ਹੋਏ ਪਿਤਾ ਗੁਰ ਨਾਰਇਣ ਅਕਸਰ ਹੀ ਕਿਹਾ ਕਰਦੇ ਸਨ, ਸਾਡਾ ਸਾਹਿਬ ਤਾਂ ਕੋਈ ਪਿਛਲੇ ਜਨਮ ਦਾ ਭਗਤ ਹੈ।

ਸਾਹਿਬ ਚੰਦ ਦੀ ਉਮਰ ਢਾਈ ਸਾਲ ਦੀ ਸੀ ਕਿ ਦਾਦਾ ਦਾਦੀ ਚਲਾਣਾ ਕਰ ਗਏ। ਉਹਨਾਂ ਦੇ ਚਲਾਣੇ ਤੋਂ ਬਾਅਦ ਸਾਹਿਬ ਉਦਾਸ ਰਹਿਣ ਲੱਗ ਗਿਆ। ਕਦੇ ਮਾਤਾ ਪਿਤਾ ਅਤੇ ਕਦੇ ਚਾਚਾ ਚਾਚੀ ਨੇ ਉਸ ਨੂੰ ਬਜ਼ਾਰਾਂ ਮੇਲਿਆਂ ਵਿਚ ਲੈ ਜਾਣਾ ਸ਼ੁਰੂ ਕਰ




ਦਿੱਤਾ। ਪਰ ਉਦਾਸ ਸਾਹਿਬ ਦੇ ਚੇਹਰੇ ਤੇ ਖੁਸ਼ੀ ਨਾ ਆਈ। ਪਰੇਸ਼ਾਨ ਮਾਤਾ ਪਿਤਾ ਇਕ ਦਿਨ ਸ਼ਾਮ ਨੂੰ ਮੰਦਰ ਲੈ ਗਏ। ਛੋਟੀਆਂ ਜਾਤਾਂ ਵਾਲਿਆਂ ਲਈ ਮੰਦਰ ਦੇ ਬਾਹਰ ਹੀ ਜਗ੍ਹਾ ਬਣਾਈ ਹੁੰਦੀ ਸੀ। ਉਹਨਾਂ ਨੂੰ ਪ੍ਰਸ਼ਾਦ ਵੀ ਬਾਹਰ ਹੀ ਦਿੱਤਾ ਜਾਂਦਾ ਸੀ, ਉਹ ਵੀ ਤਾਂ ਜੇਕਰ ਉੱਚੀਆਂ ਜਾਤਾਂ ਨੂੰ ਦੇਣ ਤੋਂ ਬਾਅਦ ਬੱਚ ਜਾਂਦਾ। ਮਾਤਾ ਪਿਤਾ ਮੰਦਰ ਦੇ ਬਾਹਰ ਬੈਠਣ ਲੱਗੇ ਪਰ ਸਾਹਿਬ ਨੇ ਮੰਦਰ ਦੇ ਅੰਦਰ ਜਾ ਕੇ ਬੈਠਣ ਲਈ ਕਿਹਾ। ਪਿਤਾ ਜੀ ਨੇ ਸਮਝਾਇਆ ਕਿ ਮੰਦਰ ਵਿਚ ਸਾਡੀ ਇਹੋ ਥਾਂ ਹੈ। ਸਾਹਿਬ ਬਾਹਰ ਬੈਠ ਤਾਂ ਗਿਆ ਪਰ ਆਰਤੀ ਤੋਂ ਬਾਅਦ ਉਸਨੇ ਪ੍ਰਸ਼ਾਦ ਲੈਣ ਤੋਂ ਨਾਂਹ ਕਰ ਦਿੱਤੀ। ਉਸ ਤੋਂ ਬਾਅਦ ਉਹ ਕਦੇ ਮੰਦਰ ਗਿਆ ਹੀ ਨਹੀਂ।

ਅਜਿਹੇ ਸਮਾਜ ਵਿਚ ਉੱਚੀਆਂ ਜਾਤਾਂ ਵੱਲੋਂ ਕੀਤੇ ਜਾਂਦੇ ਦੁਰਵਿਹਾਰ ਨੂੰ ਵੇਖਦਿਆਂ ਸਾਹਿਬ ਵੱਡਾ ਹੁੰਦਾ ਗਿਆ। ਨਾਲ ਹੀ ਮਾਪਿਆਂ ਦੀਆਂ ਪ੍ਰੇਸ਼ਾਨੀਆਂ ਵੀ ਵੱਧਦੀਆਂ ਗਈਆਂ। ਇਕ ਤਾਂ ਉਹ ਹੋਰ ਗੰਭੀਰ ਹੁੰਦਾ ਗਿਆ। ਦੂਜਾ ਮਸਲਾ ਉਸ ਦੀ ਪੜ੍ਹਾਈ ਦਾ ਸੀ। ਉਸ ਸਮੇਂ ਪੰਡਿਤ ਮੌਲਵੀ ਹੀ ਵਿਦਿਆ ਦਿਆ ਕਰਦੇ ਸਨ। ਪਰ ਕੋਈ ਵੀ ਪੰਡਿਤ ਉਸ ਨੂੰ ਨੀਚ ਜਾਤ ਦਾ ਹੋਣ ਕਰਕੇ ਪੜ੍ਹਾਉਣ ਲਈ ਤਿਆਰ ਨਹੀਂ ਸੀ। ਤੀਜਾ, ਜਿਸ ਕਿਸੇ ਨੇ, ਜਿਥੇ ਕਿਤੇ ਵੀ ਦੱਸਿਆ ਸਾਹਿਬ ਚੰਦ ਨੂੰ ਲੈ ਕੇ ਗਏ। ਉਸ ਵੱਲੋਂ ਦੱਸਿਆ ਹੋਇਆ ਉਪਾਅ ਵੀ ਕੀਤਾ ਗਿਆ ਪਰ ਸਾਹਿਬ ਦੀ ਉਦਾਸੀ ਖਤਮ ਨਾ ਹੋਈ। ਜਿੰਨਾ ਕੁ ਉਸ ਨੂੰ ਪੁੱਛਿਆ ਜਾਂਦਾ, ਉਸ ਦਾ ਜੁਆਬ ਦੇ ਦਿੰਦਾ। ਪਰ ਬੱਚਿਆਂ ਵਾਲੀਆਂ ਹਾਸੀਆਂ – ਖੇਡੀਆਂ ਕਰਨਾਂ, ਜ਼ਿੱਦਾਂ – ਸ਼ਰਾਰਤਾਂ ਕਰਨਾ, ਕੁਝ ਵੀ ਨਹੀਂ ਸੀ।

ਪਰਿਵਾਰ ਦੇ ਇਕ ਦੂਰੋਂ ਲਗਦੇ ਬਜ਼ੁਰਗ ਰਿਸ਼ਤੇਦਾਰ ਨੇ ਸੁਝਾਅ ਦਿੱਤਾ ਕਿ ਇਸ ਦੀ ਮੁੰਡਨ ਦੀ ਰਸਮ ਕਰਵਾ ਲਈ ਜਾਵੇ ਤਾਂ ਸ਼ਾਇਦ ਮਾਤਾ ਰਾਣੀ ਇਸ ਉਪਰ ਕਿਰਪਾ ਕਰ ਦੇਵੇ। ਘਰ ਵਾਲਿਆਂ ਨੇ ਮੁੰਡਨ ਰਸਮ ਦੀ ਤਿਆਰੀ ਸ਼ੁਰੂ ਕਰ ਦਿੱਤੀ। ਸਾਹਿਬ ਚੰਦ ਨੂੰ ਇਸ ਬਾਰੇ ਪਤਾ ਲੱਗ ਗਿਆ। ਉਸ ਨੇ ਆਪਣੀ ਮਾਤਾ ਜੀ ਨੂੰ ਸਾਫ਼ ਕਹਿ ਦਿੱਤਾ ਕਿ ਮੈਂ ਸਿਰ ਦੇ ਵਾਲ ਨਹੀਂ ਕਟਾਉਣੇ। ਇਹ ਗੱਲ ਸੱਭ ਨੂੰ ਪਤਾ ਲੱਗ ਗਈ। ਸਾਰੇ ਪਰਿਵਾਰ ਨੇ ਸਾਹਿਬ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਸਾਡੇ ਧਰਮ ਦੀ ਇਕ ਰਸਮ ਹੈ, ਜਿਸ ਦਾ ਅਰਥ ਹੁੰਦਾ ਹੈ ਕਿ ਮੈਂ ਆਪਣਾ ਸੱਭ ਕੁਝ ਮਾਤਾ ਰਾਣੀ ਨੂੰ ਸਮਰਪਿਤ ਕਰ ਦਿੱਤਾ ਹੈ। ਸਾਹਿਬ ਇਸ ਦਾ ਕਿਸੇ ਦਲੀਲ ਨਾਲ ਜਵਾਬ ਤਾਂ ਨਾ ਦੇ ਸਕਿਆ, ਪਰ ਇਸ ਗੱਲ ਦੀ ਜ਼ਿਦ ਕਰ ਲਈ ਕਿ ਮੈਂ ਆਪਣੇ ਵਾਲ ਨਹੀਂ ਕਟਾਉਣੇ। ਇਹ ਮੇਰੇ ਆਪਣੇ ਨਹੀਂ ਹਨ। ਇਹ ਮੈਂ ਕਿਸੇ ਲਈ ਸੰਭਾਲ ਕੇ ਰੱਖੇ ਹਨ। ਪਰਿਵਾਰ ਸਾਰਾ ਹੋਰ ਪ੍ਰੇਸ਼ਾਨ ਹੋ ਗਿਆ ਕਿ ਸਾਹਿਬ ਇਹ ਕੀ ਬੋਲੀ ਜਾ ਰਿਹਾ ਹੈ। ਇਹ ਗੱਲ ਸਾਰੇ ਨਗਰ ਵਿਚ ਫ਼ੈਲ ਗਈ। ਲੋਕਾਂ ਨੇ ਗੁਰ ਨਰਾਇਣ ਜੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਜਿਹਾ ਲਗਦਾ ਹੈ ਜਿਵੇਂ ਇਹ ਤਾਂ ਪਿਛਲੇ ਜਨਮ ਦਾ ਗੁਰੂ ਨਾਨਕ ਦਾ ਸਿੱਖ ਰਿਹਾ ਹੋਵੇ।

ਇਸ ਸਮੇਂ ਤੱਕ ਸਾਹਿਬ ਦੀ ਉਮਰ ਸਾਢੇ ਦਸ ਸਾਲ ਦੀ ਹੋ ਚੁੱਕੀ ਹੈ। ਸਾਹਿਬ ਚੰਦ ਦੇ ਚਾਚਾ ਜੀ ਨੂੰ ਕਿਸੇ ਨੇ ਦੱਸਿਆ ਕਿ ਨੇੜੇ ਦੇ ਹੀ ਇਕ ਨਗਰ ਵਿਚ ਪੰਡਿਤ ਪ੍ਰਸ਼ੋਤਮ ਦਾਸ ਜੀ ਰਹਿੰਦੇ ਹਨ। ਉਹ ਆਪ ਵੀ ਕੇਸਾਧਾਰੀ ਹਨ। ਬਹੁਤ ਗੁਣੀ ਹਨ ਅਤੇ ਜੋਤਸ਼ ਲਗਾ ਕੇ ਭਵਿੱਖ ਵੀ ਦੱਸ ਦਿੰਦੇ ਹਨ। ਉਹ ਉੱਚੀ ਨੀਂਵੀਂ ਜਾਤ ਦਾ ਫ਼ਰਕ ਵੀ ਨਹੀਂ ਕਰਦੇ। ਉਹ ਆਪ ਦੇ ਬੱਚੇ ਨੂੰ ਜ਼ਰੂਰ ਵਿਦਿਆ ਦੇਣਗੇ। ਸਾਰਾ ਪਰਿਵਾਰ ਸਾਹਿਬ ਨੂੰ ਉਹਨਾਂ ਕੋਲ ਲੈ ਗਿਆ। ਪੰਡਿਤ ਜੀ ਨੇ ਪਰਿਵਾਰ ਦੀ ਸਾਰੀ ਗੱਲ ਸੁਣੀ।

ਫਿਰ ਉਹਨਾਂ ਨੇ ਸਾਹਿਬ ਨਾਲ ਗੱਲਬਾਤ ਕਰਨ ਤੋਂ ਪਿਛੋਂ ਇਹ ਨਿਰਣਾ ਦੇ ਦਿੱਤਾ ਕਿ ਇਹ ਆਪ ਸੱਭ ਨੂੰ ਗੁਰੂ ਨਾਨਕ ਸਾਹਿਬ ਦੀ ਸਿੱਖੀ ਨਾਲ ਜੋੜਨ ਵਾਸਤੇ ਤੁਹਾਡੇ ਘਰ ਆਇਆ ਹੈ। ਤੁਸੀਂ ਇਸ ਨੂੰ ਨਾਨਕ ਝੀਰਾ ਸਾਹਿਬ ਲੈ ਜਾਓ। ਉਥੇ ਭਾਈ ਖੁਸ਼ਹਾਲ ਜੀ ਜੱਥੇਦਾਰ ਹਨ। ਬਹੁਤ ਗਿਆਨਵਾਨ ਹਨ। ਕਈ ਪੰਡਿਤ ਉਹਨਾਂ ਕੋਲੋਂ ਵਿਦਿਆ ਲੈਣ ਲਈ ਜਾਂਦੇ ਹਨ। ਮੈਂ ਵੀ ਉਹਨਾਂ ਕੋਲ ਗਿਆਨ ਚਰਚਾ ਲਈ ਜਾਂਦਾ ਰਹਿੰਦਾ ਹਾਂ। ਉਹਨਾਂ ਕੋਲ ਮੇਰਾ ਨਾਮ ਲੈ ਲੈਣਾ। ਮੈਨੂੰ ਪੂਰੀ ਆਸ ਹੈ ਕਿ ਸਾਹਿਬ ਉਥੇ ਬਿਲਕੁਲ ਠੀਕ ਹੋ ਜਾਵੇਗਾ। ਉਹ ਸਾਹਿਬ ਦੀ ਪੜ੍ਹਾਈ ਦਾ ਇੰਤਜ਼ਾਮ ਵੀ ਕਰ ਦੇਣਗੇ।

ਨਾਨਕ ਝੀਰਾ ਸਾਹਿਬ ਉਹ ਅਸਥਾਨ ਹੈ, ਜਿਥੇ ਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਏ ਸਨ। ਇਹ ਬਿਦਰ ਤੋਂ ਕੋਈ 4 ਕੁ ਮੀਲ ਪੈਂਦਾ ਹੈ। ਇਲਾਕੇ ਦੀ ਸੰਗਤ ਨੇ ਗੁਰੂ ਸਾਹਿਬ ਜੀ ਕੋਲ ਬੇਨਤੀ ਕੀਤੀ ਕਿ ਇਥੋਂ ਦਾ ਪਾਣੀ ਖਾਰਾ ਹੈ। ਆਪ ਜੀ ਕਿਰਪਾ ਕਰੋ ਅਤੇ ਪੂਰੇ ਇਲਾਕੇ ਨੂੰ ਸ਼ੁੱਧ ਮਿੱਠੇ ਜਲ ਦੀ ਬਖਸ਼ਿਸ਼ ਕਰੋ। ਗੁਰੂ ਸਾਹਿਬ ਜੀ ਤਾਂ ਸ਼ਾਇਦ ਆਏ ਹੀ ਇਸ ਇਲਾਕੇ ਦੀ ਜਲ ਦੀ ਘਾਟ ਨੂੰ ਦੂਰ ਕਰਨ ਲਈ ਸਨ। ਸੰਗਤ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਜੀ ਨੇ ਆਪਣੇ ਪਵਿਤਰ ਚਰਨਾਂ ਨਾਲ ਇਕ ਪੱਥਰ ਨੂੰ ਹਟਾਇਆ, ਤਾਂ ਪਹਾੜੀ ਵਿਚੋਂ ਸ਼ੁੱਧ ਮਿੱਠੇ ਜਲ ਦਾ ਚਸ਼ਮਾਂ ਫੁੱਟਿਆ। ਇਹ ਜਲ ਅੱਜ ਤੱਕ ਸਾਰੇ ਇਲਾਕੇ ਦੀ ਜਲ ਦੀ ਲੋੜ ਨੂੰ ਪੂਰਾ ਕਰਦਾ ਹੈ। ਇਹ ਅਸਥਾਨ ਗੁਰੂ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਦਾ ਅੱਜ ਤੱਕ ਪ੍ਰਤੱਖ ਪ੍ਰਮਾਣ ਹੈ, ਕਿਉਕਿ ਆਸ ਪਾਸ ਅਜੇ ਵੀ ਖਾਰਾ ਪਾਣੀ ਹੈ। ਲੋਕ ਕਾਰਾਂ ਜੀਪਾਂ ਤੇ ਆਪਣੀ ਜ਼ਰੂਰਤ ਲਈ ਇਥੋਂ ਹੀ ਪਾਣੀ ਭਰ ਕੇ ਲੈ ਕੇ ਜਾਂਦੇ ਹਨ।

ਖੈਰ...., ਸਾਹਿਬ ਚੰਦ ਦੇ ਮਾਤਾ ਪਿਤਾ ਨਾਨਕ ਝੀਰਾ ਸਾਹਿਬ ਪਹੁੰਚੇ। ਉਹਨਾਂ ਨੇ ਇਹ ਨੋਟ ਕੀਤਾ ਕਿ ਇਸ ਅਸਥਾਨ ਦੇ ਦਰਸ਼ਨ ਕਰਨ ਦੇ ਨਾਲ ਹੀ ਸਾਹਿਬ ਚੰਦ ਦੇ ਚਿਹਰੇ ਉਪਰ ਰੌਣਕ ਆ ਗਈ ਹੈ। ਸਾਹਿਬ ਚੰਦ ਨੂੰ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਵਾਇਆ। ਕਿਤਨੀ ਹੀ ਦੇਰ ਸਾਹਿਬ ਚੰਦ ਚਸ਼ਮੇ ਵਿਚੋਂ ਨਿਕਲਦੇ ਜਲ ਨੂੰ ਵੇਖਦਾ ਰਿਹਾ। ਜਿਸ ਪੱਥਰ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਪਵਿੱਤਰ ਚਰਨਾਂ ਨਾਲ ਛੂਹਾਇਆ ਸੀ, ਉਸ ਨੂੰ ਬਾਰ ਬਾਰ ਹੱਥ ਲਾ ਕੇ ਆਪਣੇ ਮੱਥੇ ਨੂੰ ਲਾਉਂਦਾ। ਬਾਰ ਬਾਰ ਜਲ ਦੇ ਛਿੱਟੇ ਆਪਣੇ ਸਿਰ ਵਿਚ ਮਾਰਦਾ। ਬੱਚੇ ਸਾਹਿਬ ਦਾ ਚਿਹਰਾ ਅੱਜ ਪਹਿਲੀ ਵਾਰ ਖਿੜਿਆ ਵੇਖ ਕੇ ਸਾਰੇ ਪਰਿਵਾਰ ਦੇ ਖੁਸ਼ੀ ਨਾਲ ਅੱਥਰੂ ਵਗੀ ਜਾ ਰਹੇ ਸਨ। ਪਰਿਵਾਰ ਪੰਡਿਤ ਪ੍ਰਸ਼ੋਤਮ ਦਾਸ ਜੀ ਦਾ ਮਨ ਤੋਂ ਧੰਨਵਾਦ ਕਰ ਰਿਹਾ ਸੀ, ਜਿਹਨਾਂ ਨੇ ਇਸ ਅਸਥਾਨ ਦੀ ਦੱਸ ਪਾਈ। ਫਿਰ ਉਹਨਾਂ ਨੇ ਜੱਥੇਦਾਰ ਭਾਈ ਖੁਸ਼ਹਾਲ ਜੀ ਤੱਕ ਪਹੁੰਚ ਕੀਤੀ। ਉਹਨਾਂ ਨੇ ਸਾਰੀ ਗੱਲ ਬੜੇ ਧਿਆਨ ਨਾਲ ਸੁਣੀ। ਫਿਰ ਉਹਨਾਂ ਨੇ ਗੁਰੂ ਗੋਬਿੰਦ ਰਾਏ ਜੀ ਦਾ ਧਿਆਨ ਧਰ ਕੇ ਪੋਥੀ ਸਾਹਿਬ ਜੀ (ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਸਨਮੁਖ ਹੋ ਕੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ, ਆਪ ਜੀ ਦੀ ਸਿੱਖੀ

ਸੇਵਕੀ ਦਾ ਕੋਈ ਪੁਰਾਣਾ ਬੂਟਾ ਨਵੇਂ ਫੁੱਲ ਦੇ ਰੂਪ ਵਿਚ ਇਸ ਜਗਤ ਵਿਚ ਆਇਆ ਹੈ। ਆਪ ਜੀ ਬੱਚੇ ਸਾਹਿਬ ਚੰਦ ਤੇ ਕਿਰਪਾ ਕਰੋ ਅਤੇ ਸਾਰੇ ਪਰਿਵਾਰ ਦੀ ਪ੍ਰੇਸ਼ਾਨੀ ਦੂਰ ਕਰੋ ਜੀ।" ਅਰਦਾਸ ਤੋਂ ਬਾਅਦ ਭਾਈ ਖੁਸ਼ਹਾਲ ਜੀ ਨੇ ਕਿਹਾ ਕਿ ਤੁਸੀਂ ਸਾਹਿਬ ਚੰਦ ਨੂੰ ਆਨੰਦਪੁਰ ਸਾਹਿਬ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਲੈ ਜਾਓ। ਗੁਰੂ ਸਾਹਿਬ ਜੀ ਸਾਹਿਬ ਚੰਦ ਤੇ ਜ਼ਰੂਰ ਕਿਰਪਾ ਕਰਨਗੇ। ਦੋ ਕੁ ਮਹੀਨੇ ਤੱਕ ਅਸੀਂ ਇਕ ਜੱਥਾ ਲੈ ਕੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਜਾਣਾ ਹੈ, ਤੁਸੀਂ ਆਪਣੇ ਨਾਮ ਲਿਖਵਾ ਦਿਓ। ਸਾਹਿਬ ਦੇ ਚਿਹਰੇ ਤੇ ਪਹਿਲੀ ਵਾਰੀ ਵੇਖੀ ਅਨੋਖੀ ਖੁਸ਼ੀ ਨੂੰ ਵੇਖਦੇ ਹੋਏ ਸਾਹਿਬ ਦੇ ਮਾਤਾ ਪਿਤਾ ਨੇ ਜੱਥੇ ਦੇ ਨਾਲ ਜਾਣ ਦੀ ਹਾਮੀ ਭਰ ਦਿੱਤੀ।

ਸੰਨ 1686 ਈਸਵੀ, ਫੱਗਣ ਮਹੀਨੇ ਦੀ ਸੰਗਰਾਂਦ ਨੂੰ ਜੱਥੇਦਾਰ ਭਾਈ ਖੁਸ਼ਹਾਲ ਜੀ ਨੇ ਅਰਦਾਸ ਕੀਤੀ, "ਹੇ ਗੁਰੂ ਨਾਨਕ ਜੋਤ, ਕਲਗੀਧਰ ਪਾਤਸ਼ਾਹ ਜੀਓ – ਬਿਦਰ ਦੇ ਇਲਾਕੇ ਦੀ ਸੰਗਤ ਆਪ ਜੀ ਦੇ ਦਰਸ਼ਨ ਕਰਨ ਲਈ ਕਮਰਕਸੇ ਕਰਕੇ ਤਿਆਰ ਹੈ। ਆਪ ਜੀ ਆਗਿਆ ਬਖਸ਼ੋ। ਰਸਤੇ ਵਿਚ ਅੰਗ ਸੰਗ ਰਹਿ ਕੇ ਆਪ ਸਹਾਇਤਾ ਕਰਨੀ ਜੀ।" ਇਹਨਾਂ ਸੰਗਤਾਂ ਵਿਚ 11 ਸਾਲ ਦਾ ਬਾਲਕ ਸਾਹਿਬ ਚੰਦ ਵੀ ਹੈ। ਕੇਵਲ ਸਾਹਿਬ ਹੀ ਨਹੀਂ ਬਲਕਿ ਉਸ ਦੇ ਮਾਤਾ ਪਿਤਾ ਵੀ ਸੰਗਤ ਦੇ ਨਾਲ ਪਹਿਲੀ ਵਾਰ ਇਤਨੀ ਲੰਬੀ ਯਾਤਰਾ ਤੇ ਜਾ ਰਹੇ ਸਨ। ਸੰਗਤਾਂ ਸ਼ਬਦ ਗਾਇਨ ਕਰਦੀਆਂ, ਸਿਮਰਨ ਕਰਦੀਆਂ ਜਾਂਦੀਆਂ। ਸਾਰੀ ਸੰਗਤ ਵਿਚ ਇਤਨਾ ਉਤਸ਼ਾਹ ਸੀ ਕਿ ਕਿਸੇ ਨੂੰ ਵੀ ਥਕਾਵਟ ਦਾ ਨਾਮ ਨਿਸ਼ਾਨ ਨਹੀਂ ਸੀ ਹੁੰਦਾ। ਸਾਹਿਬ ਤਾਂ ਇਤਨਾ ਖੁਸ਼ ਸੀ ਕਿ ਜਥੇਦਾਰ ਜੀ ਦੇ ਹਰ ਹੁਕਮ ਤੇ ਦੌੜ ਦੌੜ ਕੇ ਫੁੱਲ ਚੜ੍ਹਾ ਰਿਹਾ ਸੀ। ਜਦੋਂ ਕਿਤੇ ਪੜਾਅ ਹੁੰਦਾ, ਲੰਗਰ ਤਿਆਰ ਕਰਦੇ ਸਮੇਂ ਸਾਰੀ ਸੰਗਤ ਵਾਹਿਗੁਰੂ ਦਾ ਜਾਪ ਕਰਦੀ। ਸਾਹਿਬ ਇਕ ਪਾਸੇ ਅੱਖਾਂ ਬੰਦ ਕਰਕੇ ਬੈਠ ਜਾਂਦਾ। 11 ਸਾਲ ਦੀ ਉਮਰ ਦਾ ਬੱਚਾ ਹੋਣ ਦੇ ਬਾਵਯੂਦ ਵੀ ਉਹ ਕਦੇ ਖਾਣ ਪੀਣ ਦੀ ਕਾਹਲੀ ਨਾ ਕਰਦਾ, ਸਗੋਂ ਸੰਗਤਾਂ ਨੂੰ ਵਾਹਿਗੁਰੂ ਸਿਮਰਨ ਕਰਾਉਂਦਾ। ਕੇਵਲ ਭਾਈ ਖੁਸ਼ਹਾਲ ਜੀ ਹੀ ਨਹੀਂ ਸਗੋਂ ਸਾਰੀ ਸੰਗਤ ਹੀ ਸਾਹਿਬ ਨੂੰ ਬਹੁਤ ਪਿਆਰ ਕਰਨ ਲੱਗ ਪਈ। ਸਾਹਿਬ ਨੂੰ ਇਤਨਾ ਖੁਸ਼ ਦੇਖ ਕੇ ਉਸ ਦੇ ਮਾਤਾ ਪਿਤਾ ਬਾਗੋ ਬਾਗ ਹੋ ਰਹੇ ਸਨ। ਸੰਗਤ ਰਸਤਿਆਂ ਵਿਚ ਪੜਾਅ ਕਰਦੇ ਹੋਏ ਜਦੋਂ ਪਿੰਡ ਘੜਾਮ ਕੋਲ ਪਹੁੰਚੀ। ਉਥੇ ਉਹਨਾਂ ਨੂੰ ਇਕ ਜੱਥਾ ਮਿਲਿਆ ਜੋ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਵਾਪਸ ਆ ਰਿਹਾ ਸੀ। ਇਹਨਾਂ ਸੰਗਤਾਂ ਨੇ ਦੱਸਿਆ ਕਿ ਗੁਰੂ ਸਾਹਿਬ ਜੀ ਆਨੰਦਪੁਰ ਸਾਹਿਬ ਵਿਚ ਨਹੀਂ ਹਨ। ਸਗੋਂ ਅੱਜ ਕੱਲ ਉਹ ਨਾਹਨ ਰਿਆਸਤ ਵਿਚ ਭੰਗਾਣੀ ਨਾਮ ਦੇ ਪਿੰਡ ਵਿਚ ਡੇਰਾ ਕਰ ਰਹੇ ਹਨ। ਅਰ ਇਸ ਦੇ ਨਜ਼ਦੀਕ ਹੀ ਇਕ ਰਮਣੀਕ ਅਸਥਾਨ ਤੇ 'ਪਾਂਉਟਾ' ਨਗਰ ਦੀ ਉਸਾਰੀ ਕਰਵਾ ਰਹੇ ਹਨ।

ਉਸ ਜੱਥੇ ਦੇ ਜੱਥੇਦਾਰ ਵੱਲੋਂ ਭੰਗਾਣੀ ਜਾਣ ਦੇ ਸਮਝਾਏ ਰਸਤੇ ਉਪਰ ਮੰਜ਼ਿਲ ਤੈਅ ਕਰਦੇ ਸਾਰੀ ਸੰਗਤ 1687 ਈਸਵੀ ਦੇ ਮਾਰਚ ਮਹੀਨੇ ਦੇ ਸ਼ੁਰੂ ਵਿਚ ਪਾਂਉਟਾ ਨਗਰ ਵਿਚ ਪਹੁੰਚ ਗਈ। ਗੁਰੂ ਸਾਹਿਬ ਜੀ – ਭਾਈ ਦਇਆ ਰਾਮ ਜੀ ਅਤੇ ਮਾਮਾ ਕਿਰਪਾਲ ਚੰਦ ਜੀ ਸਮੇਤ ਨਗਰ ਦੀ ਉਸਾਰੀ ਦਾ ਜਾਇਜ਼ਾ ਲੈ ਕੇ ਵਾਪਸ ਆ ਰਹੇ ਹਨ। ਸੰਗਤਾਂ ਨੂੰ ਵੇਖ ਕੇ ਗੁਰੂ ਜੀ ਘੋੜੇ ਤੋਂ ਉਤਰ ਗਏ। ਸਾਰੀ ਸੰਗਤ ਨੇ ਫ਼ਤਿਹ ਬੁਲਾਈ ਹੈ। ਗੁਰੂ ਸਾਹਿਬ ਜੀ ਨੇ ਨੇ ਆਪਣੇ ਪਵਿੱਤਰ ਮੁੱਖ ਤੋਂ ਫ਼ੁਰਮਾਇਆ, "ਆਓ ਜੀ, ਜੀਓ ਆਇਆਂ ਨੂੰ। ਸਾਰੀ ਸੰਗਤ ਨੂੰ ਰਸਤੇ ਦੀ ਸੁੱਖ ਸਾਂਦ ਪੁੱਛੀ। ਸਾਹਿਬ ਸੱਭ ਤੋਂ ਅੱਗੇ ਭਾਈ ਖੁਸ਼ਹਾਲ ਜੀ ਦੀ ਉਂਗਲੀ ਫੜ ਕੇ ਖੜਾ ਗੁਰੂ ਸਾਹਿਬ ਜੀ ਵੱਲ ਇਕ ਟੱਕ ਵੇਖੀ ਜਾ ਰਿਹਾ ਹੈ। ਜਾਣੀ ਜਾਣ ਗੁਰੂ ਸਾਹਿਬ ਜੀ ਵੀ ਸਾਰੀ ਸੰਗਤ ਨੂੰ ਵੇਖਦੇ ਹੋਏ ਸੰਬੋਧਨ ਕਰ ਰਹੇ ਹਨ ਅਤੇ ਸਾਹਿਬ ਤੇ ਆ ਕੇ ਨਜ਼ਰ ਟਿਕਾ ਲੈਂਦੇ ਹਨ। ਫਿਰ ਉਸਨੂੰ ਆ ਕੇ ਥਾਪੜਾ ਦਿੰਦੇ ਹਨ। ਉਥੇ ਹੀ ਪੈਰਾਂ ਭਾਰ ਬੈਠ ਕੇ ਉਸਦਾ ਨਾਮ ਪੁੱਛਦੇ ਹਨ। ਗੁਰੂ ਸਾਹਿਬ ਜੀ ਦੇ ਨੁਰਾਨੀ ਚਿਹਰੇ ਅਤੇ ਪਵਿੱਤਰ ਕਰ ਕਮਲਾਂ ਦੀ ਛੂਹ ਮਾਤਰ ਨਾਲ ਅਚੰਭਿਤ ਹੋਏ ਸਾਹਿਬ ਨੇ ਜਦੋਂ ਆਪਣਾ ਨਾਮ ਦੱਸਿਆ ਤਾਂ ਗੁਰੂ ਸਾਹਿਬ ਜੀ ਨੇ ਆਪਣੀ ਸੱਜੀ ਬਾਂਹ ਨਾਲ ਵਲੇਵਾਂ ਪਾਕੇ ਆਪਣੀ ਛਾਤੀ ਨਾਲ ਲਗਾ ਕੇ ਕਹਿਣਾ ਕੀਤਾ,"ਓ... ਭਾਈ ਦਇਆ ਰਾਮ ਜੀ, ਵੇਖੋ! ਸਾਡਾ ਸਾਹਿਬ ਵੀ ਸਾਡੇ ਕੋਲ ਆ ਗਿਆ ਹੈ। ਭਾਈ ਦਇਆ ਰਾਮ ਜੀ ਗੁਰੂ ਸਾਹਿਬ ਜੀ ਦੇ ਇਸ ਮਿਲਾਪ ਨੂੰ ਵੇਖ ਕੇ ਆਪਣੇ ਪਹਿਲੇ ਮਿਲਾਪ ਨੂੰ ਯਾਦ ਕਰ ਰਹੇ ਹਨ ਅਤੇ ਕਿਸੇ ਵਿਸਮਾਦ ਅਵਸਥਾ ਵਿਚ ਆਪਣੀਆਂ ਅੱਖਾਂ ਬੰਦ ਕਰੀ ਖੜੇ ਹਨ।

ਇਸ ਤਰ੍ਹਾਂ ਖੜੇ ਭਾਈ ਦਇਆ ਰਾਮ ਜੀ ਨੂੰ ਗੁਰੂ ਸਾਹਿਬ ਜੀ ਨੇ ਕਿਹਾ, "ਭਾਈ ਜੀ, ਜਿਥੇ ਤੁਸੀਂ ਪਹੁੰਚੇ ਹੋਏ ਹੋ। ਸਾਨੂੰ ਵੀ ਉਹ ਸਮਾਂ ਭੁਲਦਾ ਨਹੀਂ। ਪਰ ਹੁਣ ਤੁਸੀਂ ਸਾਰੀ ਸੰਗਤ ਦੀ ਰਿਹਾਇਸ਼ ਦਾ ਪ੍ਰਬੰਧ ਕਰੋ। ਖਿਆਲ ਰੱਖਿਓ, ਸਾਡੇ ਸਾਹਿਬ ਨੂੰ ਕੋਈ ਤਕਲੀਫ਼ ਨਹੀਂ ਹੋਣੀ ਚਾਹੀਦੀ।" ਬਿਦਰ ਦੀ ਸਾਰੀ ਸੰਗਤ ਨੂੰ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਬਚਨ ਕਰਨ ਦਾ ਸਮਾਂ ਦੇ ਦਿਓ"। ਸਾਰੀ ਸੰਗਤ ਨੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਕਿ ਆਉਣ ਸਾਰ ਹੀ ਉਹਨਾਂ ਨੇ ਦਰਸ਼ਨ ਦੀਦਾਰ ਦੀ ਬਖਸ਼ਿਸ਼ ਕਰ ਦਿਤੀ।

ਅੰਮ੍ਰਿਤ ਵੇਲੇ ਨਿਤਨੇਮ ਅਤੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਰੋਜ਼ਾਨਾ ਹਾਜ਼ਰੀ ਭਰਨ ਵਾਲੀ ਸੰਗਤ ਜਾ ਚੁੱਕੀ ਹੈ। ਮਰਿਆਦਾ ਅਨੁਸਾਰ ਭਾਈ ਦਇਆ ਰਾਮ ਜੀ ਨੇ ਉੱਠ ਕੇ ਫ਼ਤਿਹ ਬੁਲਾਈ ਅਤੇ ਗੁਰੂ ਸਾਹਿਬ ਜੀ ਨੂੰ ਦੱਸਿਆ ਕਿ ਬਿਦਰ ਦੇ ਇਲਾਕੇ ਦੇ ਜੱਥੇਦਾਰ ਜੀ ਇਕ ਵੱਡੇ ਜੱਥੇ ਨੂੰ ਲੈਕੇ ਆਪ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਏ ਹਨ। ਬਿਦਰ ਦੀ ਜੋ ਸੰਗਤ ਨਹੀਂ ਆ ਸਕੀ ਉਹਨਾਂ ਵੱਲੋਂ ਭੇਜੀ ਦਸਵੰਧ ਦੀ ਰਕਮ ਇਹਨਾਂ ਨੇ ਗੁਰੂ ਕੇ ਖਜ਼ਾਨੇ ਵਿਚ ਜਮਾਂ ਕਰਵਾ ਦਿੱਤੀ ਹੈ। ਹਾਜ਼ਰ ਹੋਈ ਸੰਗਤ

ਨੂੰ ਆਪ ਜੀ ਨਾਲ ਮਿਲਾਉਣ ਦੀ ਰਸਮ ਨੂੰ ਜੱਥੇਦਾਰ ਭਾਈ ਖੁਸ਼ਹਾਲ ਜੀ ਪੂਰਾ ਕਰਨਗੇ। ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਵੱਲ ਮੇਹਰ ਦੀ ਨਜ਼ਰ ਭਰਕੇ ਵੇਖਿਆ ਹੈ। ਨਜ਼ਰ ਫਿਰ ਸਾਹਿਬ ਤੇ ਆ ਕੇ ਟਿਕ ਗਈ ਹੈ। ਪਲ ਦੋ ਪਲ ਲਈ ਆਪਣੇ ਨੇਤਰ ਬੰਦ ਕੀਤੇ ਹਨ, ਫਿਰ ਸੱਭ ਤੋਂ ਪਹਿਲਾਂ ਸਾਹਿਬ ਨੂੰ ਹੀ ਕੋਲ ਬੁਲਾਇਆ ਹੈ। ਆਪਣਾ ਪਵਿੱਤਰ ਹੱਥ ਸਾਹਿਬ ਦੀ ਕਮਰ ਤੇ ਰੱਖਿਆ ਹੈ। ਸਾਹਿਬ ਨੇ ਤਖ਼ਤ ਉਪਰ ਸੁਭਾਇਮਾਨ ਗੁਰੂ ਸਾਹਿਬ ਜੀ ਦੀ ਗੋਦੀ ਵਿਚ ਆਪਣਾ ਸਿਰ ਟਿਕਾ ਦਿੱਤਾ ਹੈ। ਭਾਈ ਖੁਸ਼ਹਾਲ ਜੀ ਤੋਂ ਸਾਹਿਬ ਦੀ ਸਾਰੀ ਵਿਥਿਆ ਗੁਰੂ ਸਾਹਿਬ ਜੀ ਬੜੇ ਧਿਆਨ ਨਾਲ ਸੁਣ ਰਹੇ ਹਨ। ਨਾਲ ਦੀ ਨਾਲ ਸਿਰ ਤੋਂ ਕਮਰ ਤੱਕ ਪਲੋਸੀ ਜਾ ਰਹੇ ਹਨ। ਸਾਹਿਬ ਦੀਆਂ ਅੱਖਾਂ ਵਿਚ ਮਿਲਾਪ ਦੇ ਅੱਥਰੂ ਹਨ। ਮਾਤਾ ਪਿਤਾ ਹੱਥ ਜੋੜ ਕੇ ਖੜੇ ਹਨ। ਸੋਚ ਰਹੇ ਹਨ – ਇਕ ਪਾਸੇ ਮੰਦਰ ਦੇ ਅੰਦਰ ਜਾਣ ਤੋਂ ਮਨਾਹੀ ਹੈ। ਮੰਦਰ ਦੇ ਬਾਹਰ ਹੀ ਬੈਠਣਾਂ ਪੈਂਦਾ ਹੈ। ਮੰਦਰ ਦੇ ਅੰਦਰੋਂ ਉੱਚੀਆਂ ਜਾਤਾਂ ਦੇ ਲੋਕਾਂ ਦੇ ਨਿਕਲਣ ਤੋਂ ਪਹਿਲਾਂ ਜਾਣਾ ਪੈਂਦਾ ਹੈ ਤਾਂ ਕਿ ਉਹਨਾਂ ਦੀ ਨਜ਼ਰ ਇਹਨਾਂ ਨੀਚ ਜਾਤੀ ਦੇ ਲੋਕਾਂ ਉਪਰ ਨਾ ਪੈ ਜਾਵੇ। ਤੇ ਇਥੇ.....! ਇਥੇ ਗੁਰੂ ਸਾਹਿਬ ਜੀ ਦੀ ਗੋਦ ਮਿਲੀ ਹੋਈ ਹੈ। ਉੱਚੀ ਨੀਵੀਂ ਜਾਤ ਦਾ ਕੋਈ ਫ਼ਰਕ ਹੀ ਨਹੀਂ ਹੈ। ਜੋ ਕੁਝ ਗੁਰੂ ਨਾਨਕ ਦੇ ਘਰ ਬਾਰੇ ਸੁਣਿਆ ਸੀ, ਉਹ ਪ੍ਰਤੱਖ ਵੇਖ ਰਹੇ ਹਾਂ। ਭਾਈ ਖੁਸ਼ਹਾਲ ਜੀ ਇਹਨਾਂ ਬਾਰੇ ਸੱਭ ਕੁਝ ਦੱਸ ਚੁੱਕੇ ਹਨ, ਪਰ ਸਾਹਿਬ ਹੈ ਕਿ ਗੋਦੀ ਵਿਚੋਂ ਸਿਰ ਉਠਾ ਹੀ ਨਹੀਂ ਰਿਹਾ। ਗੁਰੂ ਸਾਹਿਬ ਜੀ ਨੇ ਮੋਢਿਆਂ ਤੋਂ ਫੜ ਕੇ ਸਾਹਿਬ ਨੂੰ ਖੜਾ ਕੀਤਾ ਤੇ ਕਿਹਾ, "ਪਿਆਰੇ ਸਾਹਿਬ ਜੀ, ਸਾਨੂੰ ਹੋਰ ਸੰਗਤ ਨਾਲ ਵੀ ਮਿਲ ਲੈਣ ਦਿਓ। ਸਾਹਿਬ ਨੇ ਬੜੇ ਹੀ ਭੋਲੇਪਣ ਨਾਲ ਉਤਰ ਦਿੱਤਾ, 'ਤਾਂ ਗੋਦੀ ਵਿਚੋਂ ਹਟਾਂਗਾ ਜੇ ਮੈਨੂੰ ਆਪਣੇ ਕੋਲ ਰੱਖਣ ਦਾ ਦਾਅਵਾ ਕਰੋਗੇ।' ਕੋਲ ਖੜੇ ਭਾਈ ਖੁਸ਼ਹਾਲ ਜੀ ਅਤੇ ਭਾਈ ਦਇਆ ਰਾਮ ਜੀ ਸਾਹਿਬ ਦੀਆਂ ਗੱਲ ਸੁਣ ਕੇ ਮੁਸਕਰਾ ਪਏ ਹਨ। ਗੁਰੂ ਸਾਹਿਬ ਜੀ ਨੇ ਬਹੁਤ ਹੀ ਪਿਆਰ ਨਾਲ ਕਿਹਾ,"ਦਾਅਵਾ ਤਾਂ ਤੇਰੇ ਤੇ ਬਹੁਤ ਵੱਡਾ ਕਰਨਾ ਹੈ ਪਰ ਹੁਣ ਜੋ ਤੂੰ ਕਹਿ ਰਿਹਾ ਹੈਂ – ਉਸ ਨੂੰ 'ਵਾਅਦਾ' ਕਹਿੰਦੇ ਹਨ। ਚੱਲ ਤੇਰੇ ਨਾਲ 'ਵਾਅਦਾ' ਰਿਹਾ, ਅਸੀਂ ਤੈਨੂੰ ਆਪਣੇ ਕੋਲ ਰੱਖਣ ਲਈ ਹੀ ਏਨੀ ਦੂਰੋਂ ਬੁਲਾਇਆ ਹੈ, ਪਰ ਤੇਰੇ ਮਾਤਾ ਪਿਤਾ ਦੀ ਪ੍ਰਵਾਨਗੀ ਵੀ ਲੈਣੀ ਪਵੇਗੀ"। ਇਤਨਾ ਕਹਿੰਦੇ ਗੁਰੂ ਸਾਹਿਬ ਜੀ ਨੇ ਸਾਹਿਬ ਦੇ ਮਾਤਾ ਪਿਤਾ ਵੱਲ ਨਜ਼ਰ ਭਰ ਕੇ ਵੇਖਿਆ ਹੈ। ਸਾਰੇ ਸੀਨ ਨੂੰ ਵੇਖ ਕੇ ਮੰਤਰ ਮੁਗਧ ਹੋਏ ਮਾਤਾ ਪਿਤਾ ਨੇ ਇਕੱਠਿਆਂ ਨੇ ਹੀ ਹਾਮੀ ਭਰ ਦਿੱਤੀ ਹੈ। ਸਾਹਿਬ ਦੌੜ ਕੇ ਪਿਤਾ ਜੀ ਦੀਆਂ ਲੱਤਾਂ ਨਾਲ ਲਿਪਟ ਗਿਆ ਹੈ। ਆਪਣੀ ਵੱਲੋਂ ਉਹ ਗੁਰੂ ਜੀ ਕੋਲ ਰਹਿਣ ਲਈ ਇਜ਼ਾਜ਼ਤ ਦੇਣ ਦਾ ਧੰਨਵਾਦ ਕਰ ਰਿਹਾ ਹੈ।

ਬਿਦਰ ਦੀ ਸੰਗਤ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਰਹਿ ਕੇ ਦੀਵਾਨਾਂ ਦੀ ਹਾਜ਼ਰੀ ਦਾ ਆਨੰਦ ਮਾਣਦੀ ਰਹੀ। ਨਗਰ ਦੀ ਉਸਾਰੀ ਵਿਚ ਸੇਵਾ ਕਰਕੇ ਗੁਰੂ

ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕਰਦੀ ਰਹੀ। ਬੱਚੇ ਸਾਹਿਬ ਨੂੰ ਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਜੀ ਦੇ ਹਵਾਲੇ ਕਰ ਰੱਖਿਆ ਹੈ। ਦਇਆ ਰਾਮ ਜੀ ਉਸ ਨੂੰ ਗੁਰੂ ਘਰ ਦੀਆਂ ਸਾਖੀਆਂ ਸੁਣਾ ਸੁਣਾ ਕੇ, ਵੱਡੇ ਸਤਿਗੁਰਾਂ ਦੇ ਕੌਤਿਕਾਂ ਬਾਰੇ ਦੱਸ ਦੱਸ ਕੇ ਉਸ ਦੀ ਸ਼ਰਧਾ ਹੋਰ ਪੱਕੀ ਕਰ ਰਹੇ ਸਨ। ਜਦੋਂ ਭਾਈ ਦਿਆ ਰਾਮ ਜੀ ਸਤਿਗੁਰਾਂ ਦੇ ਨਾਲ ਜਾਂਦੇ ਤਾਂ ਸਾਹਿਬ ਵੀ ਉਹਨਾਂ ਦੇ ਅੱਗੇ ਘੋੜੇ ਤੇ ਬੈਠ ਜਾਂਦਾ। ਨਾਲ ਹੀ ਗੁਰਬਾਣੀ ਦੇ ਸ਼ਬਦ ਵੀ ਯਾਦ ਕਰਵਾਉਂਦੇ ਰਹਿੰਦੇ। ਸਿਮਰਨ ਤਾਂ ਉਹਨਾਂ ਦਾ ਚਲਦਾ ਹੀ ਰਹਿੰਦਾ ਹੈ। ਇਕ ਦਿਨ ਤਾਂ ਗੁਰੂ ਸਾਹਿਬ ਜੀ ਨੇ ਸਾਹਿਬ ਨੂੰ ਆਪਣੇ ਅੱਗੇ ਬਿਠਾ ਲਿਆ। ਘੋੜੇ ਨੂੰ ਬਹੁਤ ਤੇਜ਼ ਭਜਾ ਲਿਆ ਅਰ ਸਾਹਿਬ ਨੂੰ ਪੁੱਛਣ ਲੱਗੇ, "ਇਤਨੀ ਤੇਜ਼ ਭੱਜ ਰਹੇ ਘੋੜੇ ਦੀ ਸਵਾਰੀ ਨਾਲ ਤੈਨੂੰ ਡਰ ਨਹੀਂ ਲਗਦਾ?" ਸਾਹਿਬ ਨੇ ਤੁਰੰਤ ਜਵਾਬ ਦਿੱਤਾ, 'ਨਹੀਂ ਸਤਿਗੁਰੂ ਜੀ, ਜਦੋਂ ਦਾ ਮੈਂ ਤੁਹਾਡੇ ਕੋਲ ਆਇਆ ਹਾਂ, ਮੈਨੂੰ ਬਿਲਕੁਲ ਵੀ ਡਰ ਨਹੀਂ ਲਗਦਾ। ਮੈਂ ਤਾਂ ਤਸ਼ਤਰ ਵਿਦਿਆ ਵੀ ਸਿੱਖਣੀ ਹੈ'। ਗੁਰੂ ਸਾਹਿਬ ਜੀ ਬੜੀ ਜ਼ੋਰ ਦੀ ਹੱਸੇ ਅਤੇ ਕਹਿਣ ਲੱਗੇ," ਓ ਮੇਰੇ ਭੋਲੇ ਪੁੱਤਰ ਜੀ, ਤਸ਼ਤਰ ਵਿਦਿਆ ਨਹੀਂ – ਸ਼ਸ਼ਤਰ ਵਿਦਿਆ ਹੁੰਦੀ ਹੈ"। ਉਹਨਾਂ ਦੇ ਨਾਲ ਹੀ ਸਾਹਿਬ ਵੀ ਹੱਸ ਪਿਆ।

ਸਾਰਾ ਦਿਨ ਭਾਈ ਦਿਆ ਰਾਮ ਜੀ ਦੇ ਨਾਲ ਰਹਿੰਦਾ ਸਾਹਿਬ ਉਹਨਾਂ ਵਾਂਗੂ ਹੀ ਨਿੱਤ ਕਰਮ ਕਰਨ ਲੱਗ ਪਿਆ। ਰਾਤੀ ਸੋਹਿਲਾ ਜੀ ਦਾ ਪਾਠ ਕਰਕੇ ਸੌਂਦੇ। ਸਵੇਰੇ ਅੰਮ੍ਰਿਤ ਵੇਲੇ ਉਠਾ ਲੈਂਦੇ। ਸਾਹਿਬ ਨੇ ਵੀ ਕਦੇ ਉੱਠਣ ਤੋਂ ਆਲਸ ਨਹੀਂ ਕੀਤਾ। ਇਸ਼ਨਾਨ ਕਰਵਾ ਕੇ ਦੀਵਾਨ ਵਿਚ ਨਾਲ ਹੀ ਲੈ ਆਂਉਦੇ ਹਨ। ਇਥੇ ਹੀ ਨਿਤਨੇਮ ਦੀਆਂ ਬਾਣੀਆਂ ਦਾ ਪਾਠ, ਆਸਾ ਦੀ ਵਾਰ ਦਾ ਕੀਰਤਨ ਉਪਰੰਤ ਗੁਰੂ ਸਾਹਿਬ ਜੀ ਵੱਲੋਂ ਕੀਤੇ ਬਚਨ ਸਰਵਣ ਕਰਦੇ ਹਨ। (ਗੁਰੂ ਸਾਹਿਬ ਜੀ ਨੇ ਪਹਿਲੇ ਗੁਰੂ ਸਾਹਿਬਾਨ ਜੀ ਵੱਲੋਂ ਨਿੱਤਨੇਮ ਲਈ ਨਿਸਚਿਤ ਕੀਤੀਆਂ ਬਾਣੀਆਂ ਦੇ ਨਾਲ ਆਪਣੇ ਵੱਲੋਂ ਰਚੀਆਂ ਨਵੀਂਆਂ ਬਾਣੀਆਂ ਦਾ ਪਾਠ ਵੀ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹੋਈਆਂ ਹਨ।) ਭੋਲਾ ਬੱਚਾ ਸਾਹਿਬ ਸਤਿਗੁਰਾਂ ਦੀ ਹਜ਼ੂਰੀ ਵਿਚ ਖੜੇ ਭਾਈ ਦਇਆ ਰਾਮ ਜੀ ਦੇ ਨਾਲ ਹੀ ਖੜਾ ਰਹਿੰਦਾ ਹੈ। ਭਾਈ ਦਇਆ ਰਾਮ ਜੀ ਯਾਦ ਕੀਤੇ ਹੋਏ ਸ਼ਬਦ ਉਸ ਨੂੰ ਦੀਵਾਨ ਵਿਚ ਸੁਣਾਉਣ ਲਈ ਅਕਸਰ ਹੀ ਕਹਿੰਦੇ ਰਹਿੰਦੇ ਹਨ। ਸਾਹਿਬ ਵੀ ਬਹੁਤ ਹੀ ਪਿਆਰ ਨਾਲ ਗਾ ਕੇ ਸ਼ਬਦ ਸੁਣਾਉਂਦਾ ਹੈ। ਹਰ ਰੋਜ਼ ਗੁਰੂ ਸਾਹਿਬ ਜੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਹਿਬ ਨੂੰ ਆਪਣੀ ਗੋਦ ਵਿਚ ਲੈਕੇ ਪਿਆਰ ਕਰਦੇ ਹਨ। ਸਵਾ ਮਹੀਨੇ ਬਾਅਦ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਗੁਰੂ ਸਾਹਿਬ ਜੀ ਨੇ ਬਿਦਰ ਦੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਸਾਡੇ ਪਿਆਰੇ ਸਾਹਿਬ ਨੇ ਬਿਦਰ ਦੀ ਸਾਰੀ ਸੰਗਤ ਨਾਲ ਸਾਡਾ ਪਿਆਰ ਪਾ ਦਿੱਤਾ ਹੈ। ਅਜੇ ਤੁਹਾਨੂੰ ਇਥੋਂ ਭੇਜਣ ਤੇ ਸਾਡਾ ਦਿਲ ਨਹੀਂ ਕਰਦਾ। ਪਰ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੀ

ਸ਼ਹਿ ਤੇ ਕੁੱਝ ਪਹਾੜੀ ਰਾਜੇ ਗੁਰੂ ਘਰ ਨਾਲ ਕਪਟ ਖੇਡਣ ਤੇ ਤੁਲੇ ਹੋਏ ਹਨ ਅਤੇ ਅਸਾਨੂੰ ਆਪਣੇ ਵੱਡੇ ਸਤਿਗੁਰੂ ਅਤੇ ਦਾਦਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਕਦਮਾਂ ਤੇ ਚੱਲਣ ਲਈ ਮਜ਼ਬੂਰ ਕਰ ਰਹੇ ਹਨ। ਕੁਝ ਹੀ ਦਿਨਾਂ ਵਿਚ ਅਸਾਨੂੰ ਘੋਰ ਜੰਗ ਦੇ ਆਸਾਰ ਨਜ਼ਰ ਆ ਰਹੇ ਹਨ। ਸਾਡੀ ਪਿਆਰੀ ਸੰਗਤ ਤੇ ਕੋਈ ਭੀੜ ਨਾ ਬਣੇ, ਇਸ ਲਈ ਸਾਨੂੰ ਮਜ਼ਬੂਰੀ ਵੱਸ ਆਪ ਜੀ ਨੂੰ ਇਥੋਂ ਭੇਜਣਾ ਪੈ ਰਿਹਾ ਹੈ। ਇਸ ਲਈ ਸਾਰੀ ਸੰਗਤ ਲੰਗਰ ਛਕ ਕਰਕੇ ਅਰਦਾਸਾ ਸੋਧ ਕੇ ਚਾਲੇ ਪਾਵੇ। ਗੁਰੂ ਨਾਨਕ ਭਲਾ ਕਰੇਗਾ। ਅਗਲੇ ਸਾਲ ਆਨੰਦਪੁਰ ਸਾਹਿਬ ਵਿਚ ਆਪ ਜੀ ਦੇ ਦਰਸ਼ਨਾਂ ਦੀ ਅਸੀਂ ਉਡੀਕ ਕਰਾਂਗੇ। ਸਾਡਾ ਪਿਆਰਾ ਸਾਹਿਬ ਸਾਰੀ ਸੰਗਤ ਦੀ ਸਾਨੂੰ ਯਾਦ ਦਿਵਾਂਉਂਦਾ ਰਹੇਗਾ। ”

ਕਿਉਂਕਿ ਭੰਗਾਣੀ ਦੇ ਯੁੱਧ ਦੀ ਤਿਆਰੀ ਚੱਲ ਰਹੀ ਸੀ। ਗੁਰੂ ਸਾਹਿਬ ਜੀ ਵੱਲੋਂ ਭੇਜੇ ਹੁਕਮਨਾਮਿਆਂ ਅਨੁਸਾਰ ਮਰਜੀਵੜੇ ਜੁਆਨ ਪਾਂਉਂਟਾ ਸਾਹਿਬ ਪੁੱਜਣੇ ਸ਼ੁਰੂ ਹੋ ਗਏ ਸਨ। ਇਹਨਾਂ ਵਿਚ ਭਾਈ ਹਿੰਮਤ ਚੰਦ ਵੀ ਆਨੰਦਪੁਰ ਸਾਹਿਬ ਤੋਂ ਆ ਚੁੱਕੇ ਸਨ। ਗੁਰੂ ਸਾਹਿਬ ਜੀ ਆਪਣੀ ਨਿਗਰਾਨੀ ਹੇਠ ਯੁੱਧ ਅਭਿਆਸ ਕਰਾਉਂਦੇ। ਗੁਰੂ ਸਾਹਿਬ ਜੀ ਨੇ ਭਾਈ ਦਇਆ ਰਾਮ ਜੀ ਨੂੰ ਵਿਸ਼ੇਸ਼ ਹਦਾਇਤ ਦਿੱਤੀ ਕਿ ਸਾਡੇ ਪਿਆਰੇ ਸਾਹਿਬ ਨੂੰ ਜੰਗ ਦੌਰਾਨ ਆਪਣਾ ਬਚਾਓ ਕਰਨਾ ਸਿਖਾਇਆ ਜਾਵੇ। ਛੋਟੇ ਸ਼ਸਤਰ ਚਲਾਉਣੇ ਸਿਖਾਏ ਜਾਣ। ਆਖਿਰ ਸਮਾਂ ਆਇਆ। ਪਹਾੜੀ ਰਾਜਿਆਂ ਨੇ ਆਪਣੀਆਂ ਕਪਟੀ ਚਾਲਾਂ ਨੂੰ ਅਮਲੀ ਰੂਪ ਦਿੱਤਾ। ਪਰ ਉਹਨਾਂ ਦੀਆਂ ਆਸਾਂ ਤੋਂ ਉਲਟ ਭੰਗਾਣੀ ਦੇ ਯੁੱਧ ਵਿਚ ਗੁਰੂ ਸਾਹਿਬ ਜੀ ਹੱਥੋਂ ਕਰਾਰੀ ਹਾਰ ਖਾਣੀ ਪਈ। ਸਾਹਿਬ ਨੇ ਇਹ ਸਾਰਾ ਜੰਗ ਨਾ ਕੇਵਲ ਆਪਣੀ ਅੱਖੀਂ ਵੇਖਿਆ ਸਗੋਂ ਜੰਗ ਵਿਚ ਗੁਰੂ ਸਾਹਿਬ ਜੀ ਵੱਲੋਂ ਮਿਥੇ ਗਏ ਸਿਧਾਂਤਾਂ ਦੀ ਪ੍ਰੈਕਟੀਕਲ ਟਰੇਨਿੰਗ ਵੀ ਲਈ। ਜੰਗ ਵਿਚ ਉਹ ਭਾਈ ਦਇਆ ਰਾਮ ਜੀ ਦੇ ਨੇੜੇ ਹੀ ਰਹਿੰਦੇ ਸਨ। ਸਾਹਿਬ ਨੇ ਜਦੋਂ ਇਕ ਡਿਗੇ ਹੋਏ ਜ਼ਖਮੀਂ ਸੈਨਿਕ ਤੇ ਆਪਣੀ ਛੋਟੀ ਜਿਹੀ ਕਿਰਪਾਨ ਨਾਲ ਵਾਰ ਕਰਨਾ ਚਾਹਿਆ ਤਾਂ ਭਾਈ ਦਇਆ ਰਾਮ ਜੀ ਨੇ ਉਸ ਨੂੰ ਰੋਕ ਦਿੱਤਾ ਅਤੇ ਦੱਸਿਆ ਕਿ ਗੁਰੂ ਸਾਹਿਬ ਜੀ ਨੇ ਨਿਹੱਥੇ ਦੁਸ਼ਮਣ ਤੇ ਵਾਰ ਕਰਨ ਤੋਂ ਮਨਾਂ ਕੀਤਾ ਹੋਇਆ ਹੈ। ਭੰਗਾਣੀ ਦੀ ਜੰਗ ਸਮੇਂ ਸਾਹਿਬ ਦੀ ਉਮਰ 11 ਕੁ ਸਾਲ ਦੀ ਸੀ। ਬੱਚਿਆਂ ਵਿਚੋਂ ਕੇਵਲ ਸਾਹਿਬ ਹੀ ਸੀ ਜਿਸ ਨੂੰ ਗੁਰੂ ਸਾਹਿਬ ਜੀ ਨੇ ਜੰਗ ਦੇ ਮੈਦਾਨ ਵਿਚ ਜਾਣ ਦੀ ਇਜਾਜ਼ਤ ਦਿੱਤੀ ਹੋਈ ਸੀ।

ਸਾਰੀ ਸੰਗਤ ਹੀ ਸਾਹਿਬ ਨੂੰ ਬਹੁਤ ਪਿਆਰ ਕਰਦੀ ਸੀ। ਆਪਣੀਆਂ ਪਿਆਰੀਆਂ ਗੱਲਾਂ ਨਾਲ ਸਾਹਿਬ ਨੇ ਸਾਰੀ ਨਿਕਟ ਵਰਤੀ ਸੰਗਤ ਦਾ ਮਨ ਮੋਹ ਲਿਆ ਹੋਇਆ ਸੀ। ਗੁਰੂ ਸਾਹਿਬ ਦੇ ਦਾਦੀ ਮਾਤਾ ਨਾਨਕੀ ਜੀ ਸਾਹਿਬ ਨਾਲ ਬਹੁਤ ਮੋਹ ਕਰਦੇ ਸਨ। ਸਾਹਿਬ ਉਹਨਾਂ ਦੀਆਂ ਲੱਤਾਂ ਘੁੱਟ ਕੇ ਸੇਵਾ ਕਰਦਾ ਰਹਿੰਦਾ ਸੀ। ਨਾਲ ਨਾਲ ਉਹਨਾਂ ਤੋਂ ਵੱਡੇ ਗੁਰੂ ਸਾਹਿਬਾਂ ਦੀਆਂ ਸਾਖੀਆਂ ਸੁਣਦਾ। ਮਾਤਾ ਜੀ ਆਪਣੇ

ਪਤੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਹੋਏ ਯੁੱਧਾਂ ਦਾ ਹਾਲ ਦੱਸਦੇ। ਉਹਨਾਂ ਨੇ ਦੱਸਿਆ ਕਿ ਮੀਰੀ ਪੀਰੀ ਦੇ ਮਾਲਕ ਹੱਥੋਂ ਮੁਗ਼ਲ ਹਕੂਮਤ ਦੇ ਹਾਰ ਖਾਣ ਤੋਂ ਬਾਅਦ 53 ਸਾਲ ਬੀਤ ਗਏ। ਉਹਨਾਂ ਦੀ ਹਿੰਮਤ ਨਹੀਂ ਪਈ ਕਿ ਗੁਰੂ ਨਾਨਕ ਦੇ ਘਰ ਵੱਲ ਮੂੰਹ ਚੁੱਕ ਸਕਣ। ਹੁਣ ਫਿਰ ਮੁਗਲਾਂ ਦੇ ਚੁੱਕੇ ਚੁਕਾਏ ਪਹਾੜੀਆਂ ਦੀ ਮੱਤ ਭ੍ਰਿਸ਼ਟ ਹੋਈ ਹੈ। ਸਾਹਿਬ ਨੇ ਬੜੇ ਜੋਸ਼ ਵਿਚ ਕਿਹਾ, 'ਇਸ ਜੰਗ ਵਿਚ ਵੀ ਤਾਂ ਪਹਾੜੀਆਂ ਅਤੇ ਗੁਰੂ ਘਰ ਨਾਲ ਧੋਖਾ ਕਰਨ ਵਾਲੇ ਪਠਾਣਾਂ ਨੂੰ ਭੱਜਣ ਦੀ ਥਾਂ ਨਹੀਂ ਲੱਭ ਰਹੀ ਸੀ। ਪਰ ਗੁਰੂ ਸਾਹਿਬ ਜੀ ਨੇ ਇਹ ਚੰਗਾ ਨਹੀਂ ਕੀਤਾ ਕਿ ਭੱਜੇ ਜਾਂਦੇ ਦੁਸ਼ਮਣਾਂ ਨੂੰ ਮਾਰਨ ਤੋਂ ਰੋਕ ਦਿੱਤਾ'। ਮਾਤਾ ਜੀ ਨੇ ਸਮਝਾਇਆ, "ਨਹੀਂ ਸਾਹਿਬ' ਇਹ ਗੁਰੂ ਘਰ ਦਾ ਅਸੂਲ ਨਹੀਂ। ਗੁਰੂ ਨਾਨਕ ਦੇ ਪੈਰੋਕਾਰਾਂ ਦੀ ਕਦੇ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ। ਪੋਥੀ ਸਾਹਿਬ ਵਿਚ ਤਾਂ ਵੱਡੇ ਗੁਰੂ ਸਾਹਿਬ ਜੀ ਨੇ ਫਰੀਦ ਜੀ ਦੀ ਬਾਣੀ ਦਰਜ ਕੀਤੀ ਹੈ, ***"ਫਰੀਦਾ ਬੁਰੇ ਦਾ ਭਲਾ ਕਰ, ਗੁੱਸਾ ਮਨ ਨ ਹੰਢਾਏ॥ "*** ਸਾਹਿਬ ਬੋਲਿਆ, 'ਅੱਛਾ ਦਾਦੀ ਜੀ, ਬੁਰੇ ਦਾ ਵੀ ਭਲਾ ਕਰਨ ਨੂੰ ਕਿਹਾ ਹੈ। ਪਰ ਜੇ ਪਹਾੜੀਏ ਸਮਝ ਵਾਲੇ ਹੋਏ ਤਾਂ ਅੱਗੇ ਤੋਂ ਗੁਰੂ ਸਾਹਿਬ ਜੀ ਨਾਲ ਪੰਗਾ ਨਹੀਂ ਲੈਣਗੇ'।

ਸਾਹਿਬ ਚੰਦ ਜੀ ਨੂੰ ਗੁਰੂ ਸਾਹਿਬ ਜੀ ਕੋਲ ਰਹਿੰਦਿਆਂ 7 ਸਾਲ ਦਾ ਸਮਾਂ ਹੋ ਚੁੱਕਿਆ ਹੈ। ਗੁਰੂ ਸਾਹਿਬ ਜੀ ਦੀ ਨੇੜਤਾ ਅਤੇ ਭਾਈ ਦਇਆ ਰਾਮ ਜੀ ਦੀ ਸੁਚੱਜੀ ਅਗਵਾਈ ਵਿਚ ਉਹਨਾਂ ਨੇ ਹਰ ਪੱਖ ਤੋਂ ਵਿਦਿਆ ਹਾਸਲ ਕੀਤੀ। ਇਸ ਸਮੇਂ ਤੱਕ ਉਹ ਗੁਰਮਤਿ ਦੇ ਸਿਧਾਂਤਾਂ ਨੂੰ ਵੀ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿਉਂਕਿ ਉਹਨਾਂ ਨੇ ਸਾਰੀ ਸਿੱਖਿਆ ਪ੍ਰੈਕਟੀਕਲੀ ਲਈ ਹੈ। ਉਦਾਹਰਣ ਦੇ ਤੌਰ ਤੇ ਇਕ ਘਟਨਾ ਦਾ ਜ਼ਿਕਰ ਕਰ ਰਹੇ ਹਾਂ:

ਇਕ ਦਿਨ ਘੋੜ ਸਵਾਰੀ ਦੇ ਅਭਿਆਸ ਦੌਰਾਨ ਗੁਰੂ ਸਾਹਿਬ ਜੀ, ਭਾਈ ਦਿਆ ਰਾਮ ਜੀ, ਭਾਈ ਹਿੰਮਤ ਚੰਦ ਜੀ ਅਤੇ ਭਾਈ ਸਾਹਿਬ ਚੰਦ ਜੀ ਜੰਗਲ ਵਿਚ ਕਾਫ਼ੀ ਦੂਰ ਨਿਕਲ ਗਏ। ਵਾਪਸੀ ਤੇ ਗੁਰੂ ਸਾਹਿਬ ਜੀ ਨੇ ਵੇਖਿਆ ਕਿ ਇਕ ਬਜ਼ੁਰਗ ਇਕ ਵੱਡੇ ਦਰਖਤ ਦੀ ਓਟ ਲੈ ਕੇ ਖੜਾ ਹੈ। ਇਹ ਬਹੁਤ ਡਰਿਆ ਹੋਇਆ ਹੈ। ਗੁਰੂ ਸਾਹਿਬ ਜੀ ਦੇ ਇਸ਼ਾਰੇ ਤੇ ਭਾਈ ਸਾਹਿਬ ਚੰਦ ਜੀ ਨੇ ਘੋੜੇ ਤੋਂ ਹੇਠਾਂ ਉੱਤਰ ਕੇ ਡਰ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਹੁਣੇ ਹੀ ਏਧਰ ਇਕ ਸ਼ੇਰ ਲੰਘਿਆ ਹੈ। ਇਹ ਰਾਤ ਨੂੰ ਪਿੰਡਾਂ ਵਿਚ ਆ ਕੇ ਬਹੁਤ ਸਾਰੀਆਂ ਜਾਨਾਂ ਲੈ ਚੁੱਕਿਆ ਹੈ। ਗੁਰੂ ਸਾਹਿਬ ਜੀ ਨੇ ਇਕ ਪਾਸੇ ਭਾਈ ਦਇਆ ਰਾਮ ਅਤੇ ਭਾਈ ਹਿੰਮਤ ਚੰਦ ਨੂੰ ਭੇਜਿਆ ਤੇ ਦੂਜੇ ਪਾਸੇ ਭਾਈ ਸਾਹਿਬ ਚੰਦ ਨੂੰ ਲੈਕੇ ਆਪ ਚੱਲ ਪਏ ਹਨ। ਅਜੇ ਥੋੜੀ ਹੀ ਦੂਰ ਗਏ ਹਨ ਕਿ ਗੁਰੂ ਸਾਹਿਬ ਜੀ ਨੂੰ ਸ਼ੇਰ ਦਿਖਾਈ ਦਿੱਤਾ। ਗੁਰੂ ਸਾਹਿਬ ਜੀ ਘੋੜੇ ਤੋਂ ਥੱਲੇ ਉਤਰੇ ਹਨ। ਸ਼ੇਰ ਹਮਲਾ ਕਰਨ ਲਈ ਘਾਤ ਲਾ ਕੇ ਬੈਠ ਗਿਆ ਹੈ। ਗੁਰੂ ਸਾਹਿਬ ਜੀ ਨੇ ਵੀ ਢਾਲ ਅਤੇ ਕਿਰਪਾਨ ਮਿਆਨ ਵਚੋਂ ਕੱਢ ਕੇ ਪੂਰੀ ਤਿਆਰੀ ਕਰ ਲਈ ਹੈ।

ਸ਼ੇਰ ਨੇ ਚਾਰ ਵਾਰ ਕੀਤੇ ਜੋ ਗੁਰੂ ਸਾਹਿਬ ਜੀ ਨੇ ਆਪਣੀ ਢਾਲ ਉਤੇ ਰੋਕ ਲਏ। ਉਸ ਤੋਂ ਬਾਅਦ ਗੁਰੂ ਜੀ ਨੇ ਕਿਰਪਾਨ ਦੇ ਇਕ ਹੀ ਵਾਰ ਨਾਲ ਸ਼ੇਰ ਨੂੰ ਚਿੱਤ ਕਰ ਦਿੱਤਾ। ਬਾਅਦ ਵਿਚ ਸਾਹਿਬ ਚੰਦ ਨੇ ਗੁਰੂ ਸਾਹਿਬ ਜੀ ਤੋਂ ਪੁੱਛਿਆ ਕਿ ਆਪ ਜੀ ਨੇ ਸ਼ੇਰ ਨੂੰ ਇਤਨੇ ਵਾਰ ਕਰਨ ਦਾ ਮੌਕਾ ਕਿਉਂ ਦਿੱਤਾ। ਗੁਰੂ ਸਾਹਿਬ ਜੀ ਨੇ ਜੁਆਬ ਦਿੱਤਾ ਕਿ ਅਸੀਂ ਉਸ ਨੂੰ ਸਮਝਾ ਰਹੇ ਸੀ ਕਿ ਬਿਨਾਂ ਕਿਸੇ ਗੱਲ ਤੋਂ ਲੜਨਾ ਚੰਗੀ ਗੱਲ ਨਹੀਂ। ਐਂਵੇਂ ਲੋਕਾਂ ਨੂੰ ਤੰਗ ਨਾ ਕਰਿਆ ਕਰ। ਪਰ ਉਹ ਤਾਂ ਤਾਕਤ ਦੇ ਹੰਕਾਰ ਵਿਚ ਅੰਨਾਂ ਹੋਇਆ ਬੈਠਾ ਸੀ। ਜਦੋਂ ਨਹੀਂ ਸਮਝਿਆ ਤਾਂ ਅਸੀਂ ਉਸ ਨੂੰ ਪਾਰ ਬੁਲਾਇਆ।

18 ਸਾਲਾਂ ਦੇ ਗੱਭਰੂ ਜੁਆਨ ਸਾਹਿਬ ਚੰਦ ਦੇ ਚਿਹਰੇ ਤੇ ਮੁੱਛ ਫੁੱਟ ਰਹੀ ਹੈ। ਦੂਜਾ, ਨਾਮ ਬਾਣੀ ਦੇ ਪ੍ਰਭਾਵ ਨਾਲ ਚਿਹਰੇ ਤੇ ਵੱਖਰਾ ਹੀ ਨੂਰ ਰਹਿੰਦਾ ਹੈ। ਤੀਜਾ, ਸੇਵਾ – ਤੇ ਉਹ ਵੀ ਗੁਰੂ ਸਾਹਿਬ ਅਤੇ ਉਹਨਾਂ ਦੇ ਪਰਿਵਾਰ ਦੀ। ਕੁਲ ਮਿਲਾ ਕੇ ਇਕ ਅਨੋਖੀ ਸ਼ਖਸ਼ੀਅਤ ਬਣ ਗਏ ਹਨ – ਭਾਈ ਸਾਹਿਬ ਚੰਦ ਜੀ। ਉਹਨਾਂ ਦੀ ਸੋਹਣੀ ਸੁਨੱਖੀ ਦਿੱਖ ਅਤੇ ਸੇਵਾ ਸਿਮਰਨ ਦੇ ਭਾਵ ਨੂੰ ਵੇਖ ਕੇ ਗੁਰੂ ਘਰ ਦੇ ਇਕ ਸ਼ਰਧਾਲੂ ਸਿੱਖ ਨੇ ਆਪਣੀ ਬੱਚੀ ਬੀਬੀ ਨਿਰੰਜਨੀ ਦੇਵੀ ਦਾ ਰਿਸ਼ਤਾ ਉਹਨਾਂ ਨਾਲ ਜੋੜਨ ਦੀ ਬੇਨਤੀ ਗੁਰੂ ਸਾਹਿਬ ਜੀ ਕੋਲ ਕੀਤੀ। ਗੁਰੂ ਸਾਹਿਬ ਦੀ ਮੌਜ ਸੀ ਕਿ ਇਹਨਾਂ ਹੀ ਦਿਨਾਂ ਵਿਚ ਸਾਹਿਬ ਦੇ ਮਾਤਾ ਪਿਤਾ ਵੀ ਆਨੰਦਪੁਰ ਸਾਹਿਬ ਆਏ ਹੋਏ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਨਾਲ ਗੱਲ ਕਰਕੇ ਦੋਵਾਂ ਹੀ ਪਰਿਵਾਰਾਂ ਦਾ ਰਿਸ਼ਤਾ ਜੋੜ ਦਿੱਤਾ। 9 ਫ਼ਰਵਰੀ ਸੰਨ 1693 ਈਸਵੀ ਵਿਚ ਆਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੀ ਹਾਜ਼ਰੀ ਵਿਚ ਭਾਈ ਨੱਥਾ ਮੱਲ ਰਬਾਬੀਏ ਦੇ ਜੱਥੇ ਨੇ ਭਾਈ ਸਾਹਿਬ ਚੰਦ ਅਤੇ ਬੀਬੀ ਨਿਰੰਜਨੀ ਦੇਵੀ ਦਾ ਆਨੰਦ ਕਾਰਜ ਕਰਵਾਇਆ। ਸਾਰੀ ਸੰਗਤ ਨੇ ਦੋਹਾਂ ਪਰਿਵਾਰਾਂ ਨੂੰ ਵਧਾਈ ਦਿੱਤੀ। ਗੁਰੂ ਸਾਹਿਬ ਜੀ ਵੱਲੋਂ ਭਾਈ ਦਇਆ ਰਾਮ ਜੀ ਨੇ ਮਿਸ਼ਠਾਨ ਪਦਾਰਥ ਵੰਡੇ। ਇਸ ਤੋਂ ਦੋ ਸਾਲ ਬਾਅਦ ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਭਾਈ ਸਾਹਿਬ ਚੰਦ ਜੀ ਮੁਕਲਾਵਾ ਲੈਕੇ ਆਏ। ਪੁਰਾਤਨ ਸਮਿਆਂ ਵਿਚ ਇਸ ਰਸਮ ਨੂੰ ਵਸੇਵਾ ਕਰਾਉਣਾ ਵੀ ਕਿਹਾ ਜਾਂਦਾ ਸੀ। ਪ੍ਰਮਾਤਮਾ ਨੇ ਮੇਹਰ ਕੀਤੀ। ਸੰਨ 1696 ਵਿਚ ਉਹਨਾਂ ਦੇ ਘਰ ਕਾਕਾ ਗੁਰਦਿਆਲ ਚੰਦ ਅਤੇ ਸੰਨ 1698 ਵਿਚ ਕਾਕਾ ਗੁਰਲਾਲ ਚੰਦ ਨੇ ਜਨਮ ਲਿਆ।

1699 ਈਸਵੀ ਦੀ ਵਿਸਾਖੀ ਤੱਕ ਭਾਈ ਸਾਹਿਬ ਚੰਦ ਦੀ ਉਮਰ 24 ਸਾਲ ਦੀ ਹੋ ਚੁੱਕੀ ਹੈ। ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਭਾਈ ਸਾਹਿਬ ਚੰਦ ਜੀ ਨੂੰ 12 ਸਾਲ ਹੋ ਚੁੱਕੇ ਹਨ। ਗੁਰੂ ਸਾਹਿਬ ਜੀ ਵੱਲੋਂ ਜਦੋਂ ਇਸ ਦਿਨ ਸੀਸ ਦੀ ਮੰਗ ਕੀਤੀ ਗਈ ਤਾਂ ਭਾਈ ਸਾਹਿਬ ਚੰਦ ਜੀ ਨੇ ਪੰਜਵੀ ਥਾਂਵੇਂ ਆਪਣੇ ਆਪ ਨੂੰ ਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ ਅਤੇ ਪੰਜਾਂ ਪਿਆਰਿਆਂ ਵਿਚ ਆਪਣੀ ਜਗ੍ਹਾ ਬਣਾਈ। ਇਸੇ ਦਿਨ ਬਾਅਦ ਵਿਚ ਇਹਨਾਂ ਦੇ ਸਾਰੇ ਪਰਿਵਾਰ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ

ਅਤੇ ਪਿਤਾ ਭਾਈ ਗੁਰ ਨਰਾਇਣ ਸਿੰਘ, ਮਾਤਾ ਅਨੁਕੰਪਾ ਕੌਰ, ਇਹਨਾਂ ਦੀ ਪਤਨੀ ਬੀਬੀ ਨਿਰੰਜਨ ਕੌਰ, ਪੁੱਤਰ ਗੁਰਦਿਆਲ ਸਿੰਘ ਅਤੇ ਪੁੱਤਰ ਗੁਰਲਾਲ ਸਿੰਘ ਨਾਮ ਰੱਖਿਆ ਗਿਆ। ਫਿਰ ਸਮਾਂ ਪਾਕੇ 1701 ਈਸਵੀ ਵਿਚ ਇਹਨਾਂ ਦੇ ਘਰ ਇਕ ਬੱਚੀ ਦਾ ਜਨਮ ਹੋਇਆ। ਜਿਸ ਦਾ ਨਾਮ ਗੁਰੂ ਸਾਹਿਬ ਜੀ ਨੇ ਗੁਰਨੈਨ ਕੌਰ ਰੱਖਿਆ।

1701 ਈਸਵੀ ਦੇ ਆਰੰਭ ਵਿਚ ਆਨੰਦ ਪੁਰ ਸਾਹਿਬ ਦੀ ਪਹਿਲੀ ਲੜਾਈ ਹੁੰਦੀ ਹੈ ਅਤੇ 1701 ਦੇ ਅਖੀਰ ਵਿਚ ਦੂਜੀ ਲੜਾਈ। ਦੋਹਾਂ ਵਿਚ ਖਾਲਸੇ ਨੇ ਜਿੱਤ ਪ੍ਰਾਪਤ ਕੀਤੀ। ਇਹ ਜੰਗ ਕੀਰਤ ਪੁਰ ਦੇ ਲਾਗੇ ਹੋਇਆ ਜਿਸ ਨੂੰ ਨਿਰਮੋਹ ਦਾ ਜੰਗ ਕਹਿੰਦੇ ਹਨ। ਜੰਗਾਂ ਦੇ ਇਤਿਹਾਸ ਵਿਚ ਨਾਂ ਜਾ ਕੇ ਕੇਵਲ ਇਤਨਾ ਹੀ ਲਿਖਦੇ ਹਾਂ ਕਿ ਭਾਈ ਸਾਹਿਬ ਸਿੰਘ ਅਤੇ ਉਹਨਾਂ ਦੀ ਪਤਨੀ ਬੀਬੀ ਨਿਰੰਜਨ ਕੌਰ ਨੇ ਬਾ ਕਮਾਲ ਯੁੱਧ ਕੀਤਾ। ਉਹਨਾਂ ਨੇ ਆਪਣੇ ਭਰਾ ਭਾਈ ਰਣਜੀਤ ਸਿੰਘ ਤੋਂ ਸ਼ਸ਼ਤਰ ਵਿਦਿਆ ਤੇ ਘੋੜ ਸਵਾਰੀ ਸਿੱਖੀ ਹੋਈ ਸੀ, ਜੋ ਕਿ ਬਹੁਤ ਬਹਾਦਰ ਯੋਧੇ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਗ ਰਖਿਅਕ ਪਹਿਰੇ ਦਾਰ ਸਨ। ਨਿਰਮੋਹ ਦੀ ਜੰਗ ਵਿਚ ਜਿਥੇ ਭਾਈ ਸਾਹਿਬ ਸਿੰਘ ਦੀ ਬਹਾਦਰੀ ਦੇ ਕਿੱਸੇ ਲੋਕਾਂ ਨੇ ਗੁਰੂ ਸਾਹਿਬ ਜੀ ਕੋਲ ਸੁਣਾਏ ਉਥੇ ਉਹਨਾਂ ਦੀ ਨਰਮਦਿਲੀ ਦੀ ਸ਼ਿਕਾਇਤ ਵੀ ਭਾਈ ਉਦੈ ਸਿੰਘ ਜੀ ਨੇ ਕੀਤੀ। ਉਹਨਾਂ ਨੇ ਗੁਰੂ ਸਾਹਿਬ ਜੀ ਨੂੰ ਦੱਸਿਆ ਕਿ ਕਹਿਲੂਰ ਦੇ ਰਾਜੇ ਅਜਮੇਰ ਚੰਦ ਦੇ ਜਰਨੈਲ ਦਲੀਪ ਚੰਦ ਨੂੰ ਭਾਈ ਸਾਹਿਬ ਸਿੰਘ ਜੀ ਨੇ ਹੇਠਾਂ ਸੁੱਟ ਲੈਣ ਦੇ ਬਾਵਜੂਦ ਛੱਡ ਦਿੱਤਾ ਸੀ। ਕੇਵਲ ਨੇਜ਼ੇ ਦੇ ਇਕ ਵਾਰ ਨਾਲ ਉਸ ਦਾ ਕੰਮ ਤਮਾਮ ਹੋ ਸਕਦਾ ਸੀ। ਗੁਰੂ ਸਾਹਿਬ ਜੀ ਨੇ ਕਿਹਾ, "ਭਾਈ ਉਦੈ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਨੇ ਲੰਬੀ ਸੋਚ ਕੇ ਹੀ ਉਸ ਨੂੰ ਛੱਡਿਆ ਹੋਵੇਗਾ। ਇਸ ਦੇ ਨਤੀਜੇ ਜ਼ਰੂਰ ਸਾਹਮਣੇ ਆਉਣਗੇ"। ਜਾਣੀ ਜਾਣ ਸਤਿਗੁਰੂ ਜੀ ਦੀ ਇਹ ਗੱਲ ਬਿਲਕੁਲ ਠੀਕ ਸਾਬਤ ਹੋਈ। ਕੁੱਝ ਦਿਨਾਂ ਬਾਅਦ ਹੀ ਰਾਜੇ ਅਜਮੇਰ ਚੰਦ ਵੱਲੋਂ ਇਕ ਪੱਤਰ ਪ੍ਰਾਪਤ ਹੋਇਆ ਜਿਸ ਵਿਚ ਉਸ ਨੇ ਪਹਿਲਾਂ ਮੁਆਫ਼ੀ ਮੰਗੀ। ਫਿਰ ਬੇਨਤੀ ਕੀਤੀ ਕਿ ਆਪ ਦੀ ਫੌਜ ਦੇ ਜਰਨੈਲਾਂ ਦੀ ਬਹਾਦਰੀ ਅਤੇ ਨਰਮਦਿਲੀ ਵੇਖ ਕੇ ਸਾਡੇ ਜਰਨੈਲ ਅਤੇ ਬਹੁਤ ਸਾਰੇ ਸਿਪਾਹੀ, ਸਿੰਘ ਸਜਣਾ ਚਾਹੁੰਦੇ ਹਨ। ਆਪਜੀ ਨੂੰ ਕਹਿਲੂਰ ਵਿਚ ਆਕੇ ਅੰਮ੍ਰਿਤ ਦੀ ਦਾਤ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਸਿੰਘ ਜੀ ਦੀ ਅਗਵਾਈ ਵਿਚ 11 ਸਿੰਘਾਂ ਦਾ ਜੱਥਾ ਭੇਜਿਆ। ਭਾਈ ਸਾਹਿਬ ਸਿੰਘ ਜੀ ਦੇ ਜੱਥੇ ਨੇ ਉਥੇ ਜਾ ਕੇ 750 ਸੈਨਿਕਾਂ ਅਤੇ ਉਹਨਾਂ ਦੇ ਜਰਨੈਲਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਰਵਾਲਸਰ, ਮੰਡੀ, ਲੱਖੀ ਜੰਗਲ ਅਤੇ ਕੁਰਕਸ਼ੇਤਰ ਵਿਚ ਬਹੁਤ ਸਾਰੀ ਸੰਗਤ ਨੂੰ ਅੰਮ੍ਰਿਤ ਸੰਚਾਰ ਕਰਵਾ ਕੇ ਖਾਲਸਾ ਪੰਥ ਵਿਚ ਸ਼ਾਮਿਲ ਕੀਤਾ।

ਆਨੰਦਪੁਰ ਸਾਹਿਬ ਨੂੰ ਪਹਾੜੀ ਰਾਜਿਆਂ ਅਤੇ ਮੁਗਲ ਸੈਨਾ ਨੇ ਸੱਤ ਮਹੀਨੇ ਤੋਂ

ਘੇਰਾ ਪਾਇਆ ਹੋਇਆ ਸੀ। ਇਤਨੇ ਲੰਬੇ ਸਮੇਂ ਦੇ ਘੇਰੇ ਨਾਲ ਸਿੰਘਾਂ ਵਿਚ ਵੀ ਅਤੇ ਦੁਸ਼ਮਣ ਸੈਨਾ ਵਿਚ ਵੀ ਘਬਰਾਹਟ ਦਾ ਮਾਹੌਲ ਸੀ। ਮੁਗਲ ਸ਼ਾਸ਼ਕਾਂ ਅਤੇ ਪਹਾੜੀ ਰਾਜਿਆਂ ਵੱਲੋਂ ਆਪੋ ਆਪਣੇ ਧਾਰਮਿਕ ਚਿੰਨਾਂ ਦੀਆਂ ਝੂਠੀਆਂ ਕਸਮਾਂ ਖਾਧੀਆਂ ਗਈਆਂ। ਇਧਰੋਂ ਸਿੰਘਾਂ ਨੇ ਵੀ ਜ਼ੋਰ ਪਾਇਆ ਤਾਂ ਗੁਰੂ ਸਾਹਿਬ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡਣ ਦਾ ਫੈਸਲਾ ਲੈ ਲਿਆ। ਸਰਸਾ ਨਦੀ ਤੇ ਪਰਿਵਾਰ ਵਿਛੋੜਾ ਹੋਇਆ। ਗੁਰੂ ਸਾਹਿਬ ਜੀ, ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਪੰਜ ਪਿਆਰਿਆਂ ਸਮੇਤ ਕੁਲ 40 ਸਿੰਘ ਹਨ, ਜੋ ਚਮਕੌਰ ਦੀ ਕੱਚੀ ਗੜੀ ਵਿਚ ਪਹੁੰਚ ਜਾਂਦੇ ਹਨ। ਦੂਜੇ ਪਾਸੇ ਦੁਸ਼ਮਣ ਦਲ ਦੀ ਸੈਨਾ ਦੀ ਗਿਣਤੀ ਦਸ ਲੱਖ ਹੈ। ਇਸ ਅਸਥਾਨ ਤੇ ਗੁਰੂ ਸਾਹਿਬ ਜੀ ਨੇ 'ਸਵਾ ਲੱਖ' ਨਾਲ 'ਇਕੱਲਾ ਸਿੰਘ' ਲੜਾਉਣ ਦੇ ਵਾਕ ਨੂੰ ਪ੍ਰੈਕਟੀਕਲ ਰੂਪ ਦਿੱਤਾ। ਇਸ ਜੰਗ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਦੋ ਪਿਆਰੇ ਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤ ਸਿੰਘ ਜੀ ਸ਼ਹੀਦ ਹੋ ਚੁੱਕੇ ਹਨ। ਪੰਜ ਸਿੰਘਾਂ ਵੱਲੋਂ ਕੀਤੇ ਗੁਰਮਤੇ ਅਨੁਸਾਰ ਕੇਵਲ ਦੋ ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਇਕ ਭਾਈ ਮਾਨ ਸਿੰਘ ਜੀ ਗੁਰੂ ਸਾਹਿਬ ਜੀ ਨਾਲ ਚਮਕੌਰ ਦੀ ਕੱਚੀ ਗੜ੍ਹੀ (ਕੱਚੀ ਹਵੇਲੀ) ਨੂੰ ਛੱਡ ਚੁੱਕੇ ਹਨ। ਭਾਈ ਸਾਹਿਬ ਸਿੰਘ ਜੀ ਸਮੇਤ ਕੇਵਲ 5 ਸਿੰਘ ਹੀ ਗੜ੍ਹੀ ਵਿਚ ਮੌਜੂਦ ਹਨ। ਇਹ ਆਖਰੀ ਜੱਥਾ ਹੈ। ਜੰਗ ਦੇ ਮੈਦਾਨ ਵਿਚ ਜਾਣ ਲਈ ਤਿਆਰੀ ਕਰ ਲਈ ਗਈ ਹੈ। ਜਾਣ ਤੋਂ ਪਹਿਲਾਂ ਭਾਈ ਸਾਹਿਬ ਸਿੰਘ ਜੀ ਨੇ ਸਿੰਘਾਂ ਨੂੰ ਸੰਬੋਧਨ ਕੀਤਾ, "ਪਿਆਰੇ ਖਾਲਸਾ ਜੀ, ਅਕਾਲ ਪੁਰਖ ਉਪਰ ਪੂਰਨ ਭਰੋਸਾ ਰੱਖ ਕੇ ਮੈਦਾਨ-ਏ-ਜੰਗ ਵਿਚ ਜੂਝਣਾ ਹੈ। ਕਿਉਂਕਿ ਜਿੱਤ ਤਾਂ ਸਾਡੀ ਝੋਲੀ ਵਿਚ ਪੈ ਚੁੱਕੀ ਹੈ। ਦੁਸ਼ਮਣ ਫੌਜ ਦਾ ਕੇਵਲ ਇਕੋ ਇਕ ਮਕਸਦ ਸੀ, ਗੁਰੂ ਸਾਹਿਬ ਜੀ ਨੂੰ ਜ਼ਿੰਦਾ ਗ੍ਰਿਫਤਾਰ ਕਰਨਾ ਜਾਂ ਉਹਨਾਂ ਨੂੰ ਮਾਰ ਮੁਕਾਉਣਾ। ਗੁਰੂ ਸਾਹਿਬ ਜੀ ਤਾਂ ਦੁਸ਼ਮਣ ਨੂੰ ਲਲਕਾਰ ਕੇ ਸੁਰੱਖਿਅਤ ਜਾ ਚੁੱਕੇ ਹਨ। ਇਸ ਲਈ ਜਿੱਤ ਤਾਂ ਖਾਲਸੇ ਦੀ ਝੋਲੀ ਪੈ ਚੁੱਕੀ ਹੈ। ਬਾਕੀ ਹੈ ਤਾਂ ਕੇਵਲ ਆਪਣੇ ਇਸ ਆਖਰੀ ਜੱਥੇ ਵੱਲੋਂ ਇਸ ਜਿੱਤ ਵਿਚ ਆਪਣਾ ਹਿੱਸਾ ਪਾਉਣਾ। ਸਾਡਾ ਮਕਸਦ ਕੇਵਲ ਸ਼ਹੀਦੀ ਜਾਮ ਨੂੰ ਪੀਣਾ ਹੈ। ਸੋ ਖਾਲਸਾ ਜੀ, ਜੈਕਾਰੇ ਲਾਂਉਂਦੇ ਹੀ ਅਕਾਲ ਪੁਰਖ ਦੀ ਗੋਦ ਵਿਚ ਜਾਣਾ ਹੈ"। ਇਸ ਜੱਥੇ ਨੇ ਜੰਗ ਦੇ ਮੈਦਾਨ ਵਿਚ ਅਜਿਹੇ ਜੌਹਰ ਦਿਖਾਏ ਜਿਹਨਾਂ ਦੀ ਕੋਈ ਮਿਸਾਲ ਨਹੀਂ ਮਿਲਦੀ। ਸਾਰੇ ਸਿੰਘ ਸ਼ਹੀਦ ਹੋ ਚੁਕੇ ਹਨ। ਆਖਰੀ ਸ਼ਹੀਦੀ ਭਾਈ ਸਾਹਿਬ ਸਿੰਘ ਜੀ ਦੀ ਹੈ। ਸਮਾਂ ਹੈ ਸੂਰਜ ਡੁੱਬਣ ਤੋਂ ਕੁੱਝ ਮਿੰਟ ਪਹਿਲਾਂ ਦਾ। ਤਰੀਕ ਹੈ - 6 ਦਸੰਬਰ, 1704 ਈਸਵੀ ਅਤੇ ਪਿਆਰੇ ਭਾਈ ਸਾਹਿਬ ਸਿੰਘ ਜੀ ਦੀ ਕੁੱਲ ਸੰਸਾਰਕ ਉਮਰ ਹੈ - 29 ਸਾਲ 1 ਮਹੀਨਾ 4 ਦਿਨ।

***************************